# ਵਿਸ਼ਾ-ਸੂਚੀ


ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਹਫ਼ਤੇ ਦਾ ਪ੍ਰਬੰਧ ਕਰਨ ਵਾਲਿਆਂ ਲਈ 3

2022 ਬਾਈਬਲ ਦਾ ਭਾਗ 4

2022 ਸਾਲ ਦੇ ਵਿਸ਼ੇ ਲਈ ਮੁੱਖਬੰਧ 5

ਮਸੀਹੀ ਏਕਤਾ ਦੇ ਪ੍ਰਾਰਥਨਾ ਦੇ ਹਫਤੇ 2022 ਲਈ

ਸਮੱਗਰੀ ਦੀ ਤਿਆਰੀ 9

ਕਲੀਸਿਯਾਈ ਅਰਾਧਨਾ ਸਭਾ

ਉਨ੍ਹਾਂ ਲਈ ਨਿਰਦੇਸ਼ ਜਿਹੜੇ ਅਰਾਧਨਾ ਲਈ ਤਿਆਰੀ ਕਰਦੇ ਹਨ 11

ਅਰਾਧਨਾ ਦਾ ਕ੍ਰਮ 12

ਜਮੀਮਾ 19

ਅੱਠ ਦਿਨਾਂ ਲਈ ਬਾਈਬਲ ਮਨਨ ਅਤੇ ਪ੍ਰਾਰਥਨਾਵਾਂ 27

ਮਿਡਲ ਈਸਟ ਕਲੀਸਿਯਾਵਾਂ ਦਾ ਪਰਿਸ਼ਦ 38

ਮਸੀਹੀ ਏਕਤਾ ਲਈ ਪ੍ਰਾਰਥਨਾ ਦਾ ਹਫਤਾ: ਵਿਸ਼ੇ 1968-2022 42

ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਹਫਤੇ ਦੇ ਇਤਹਾਸ ਦੀਆਂ ਕੁੰਜ਼ੀ ਤਰੀਕਾਂ 48



Scripture quotations: The scripture quotations contained herein are from The New Revised Standard Version of the Bible, copyright © 1989, 1995, by the Division of Christian Education of the National Council of the Churches of Christ in the United States of America, and are used with permission. All rights reserved.

# ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਹਫਤੇ ਦਾ ਪ੍ਰਬੰਧ ਕਰਨ ਵਾਲਿਆਂ ਲਈ

## ਏਕਤਾ ਲਈ ਖੋਜ: ਪੂਰਾ ਸਾਲ ਭਰ

ਉੱਤਰੀ ਖੇਤਰ ਵਾਸਤੇ ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਹਫਤੇ ਦਾ ਰਵਾਇਤੀ ਸਮਾਂ 18-25 ਜਨਵਰੀ ਦਾ ਹੈ। ਉਹ ਤਰੀਕਾਂ ਪੌਲ ਵਾਟਸਨ ਦੁਆਰਾ ਸੰਤ ਪਤਰਸ ਅਤੇ ਸੰਤ ਪੌਲੁਸ ਦੇ ਪਰਬਾਂ ਵਿਚਕਾਰ ਦਿਨਾਂ ਨੂੰ ਲਿਆਉਣ ਦੇ ਲਈ ਪੌਲ ਵਾਟਸਨ ਦੁਆਰਾ ਪ੍ਰਸਾਵਿਤ ਕੀਤੀਆਂ ਗਈਆਂ ਸਨ, ਅਤੇ ਇਸ ਲਈ ਇਹ ਪ੍ਰਤੀਕਾਤਮਕ ਵਿਸ਼ੇਸਤਾ ਰੱਖਦੀਆਂ ਹਨ। ਦੱਖਣੀ ਖੇਤਰ ਦੇ ਵਿੱਚ ਜਿੱਥੇ ਕਿ ਜਨਵਰੀ ਇੱਕ ਛੁੱਟੀ ਦਾ ਸਮਾਂ ਹੁੰਦਾ ਹੈ ਇੱਥੇ ਕਲੀਸਿਯਾਵਾਂ ਅਕਸਰ ਪ੍ਰਾਰਥਨਾ ਦੇ ਹਫਤੇ ਨੂੰ ਮਨਾਉਣ ਦੇ ਲਈ ਹੋਰ ਦਿਨਾਂ ਨੂੰ ਲੱਭਦੀਆਂ ਹਨ, ਉਦਾਹਰਣ ਲਈ ਪਿੰਤੇਕੁਸਤ (1926 ਦੇ ਵਿੱਚ ਫੇਥ ਅਤੇ ਆਰਡਰ ਮੂਵਮੈਂਟ ਦੁਆਰਾ ਸੁਝਾਅ ਦਿੱਤੀਆਂ ਗਈਆਂ), ਜੋ ਕਿ ਉਹ ਵੀ ਕਲੀਸਿਯਾ ਦੀ ਏਕਤਾ ਦੀ ਇੱਕ ਪ੍ਰਤੀਕ ਮਿਤੀ ਹੈ।

ਲਚਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਤੁਹਾਨੂੰ ਪੂਰਾ ਸਾਲ ਵਿੱਚ ਕਿਸੇ ਵੀ ਸਮੇਂ ਪਹਿਲਾਂ ਹੀ ਜਿੰਨਾ ਕਲੀਸਿਯਾਵਾਂ ਤੱਕ ਇਹ ਪਹੁੰਚ ਗਿਆ ਉਹ ਸੰਗਤੀ ਦੀ ਸਾਂਝ ਨੂੰ ਪਰਗਟ ਕਰਨ ਲਈ ਇਸ ਸਮੱਗਰੀ ਦਾ ਇਸਤੇਮਾਲ ਕਰਨ ਦਾ ਸੱਦਾ ਦਿੰਦੇ ਹਾਂ ਤਾਂ ਜੋ ਤੁਸੀਂ ਪੂਰਨ ਏਕਤਾ ਲਈ ਪ੍ਰਾਰਥਨਾ ਕਰ ਸਕੋ ਜੋ ਕਿ ਮਸੀਹ ਦੀ ਇੱਛਾ ਹੈ।

## ਮੂਲ ਪਾਠ ਨੂੰ ਮੁਆਫਕ ਬਣਾਉਣਾ

ਇਹ ਸਮੱਗਰੀ ਇਸ ਸਮਝ ਨਾਲ ਦਿੱਤੀ ਜਾਂਦੀ ਹੈ ਕਿ, ਜਿੱਥੇ ਕਿਤੇ ਵੀ ਸੰਭਵ ਹੋਵੇ, ਇਹ ਸਥਾਨਕ ਸਥਿਤੀਆਂ ਮੁਆਫਕ ਹੀ ਵਰਤੀ ਜਾਵੇ। ਸਥਾਨਕ ਭਜਨਾਂ ਅਤੇ ਪ੍ਰਾਰਥਨਾ ਅਭਿਆਸਾਂ ਨੂੰ, ਅਤੇ ਸਮੁੱਚੇ ਸਮਾਜਿਕ ਅਤੇ ਸੱਭਿਆਚਾਰਕ ਪਰਸੰਗ ਨੂੰ ਮੱਦੇਨਜ਼ਰ ਰੱਖਿਆ ਜਾਣਾ ਚਾਹੀਦਾ ਹੈ। ਅਜਿਹਾ ਆਦਰਸ਼ ਮਸੀਹੀ ਵਿਧੀਆਂ ਅਨੁਸਾਰ ਹੀ ਮੁਆਫਕ ਬਣਾਇਆ ਜਾਣਾ ਚਾਹੀਦਾ ਹੈ। ਕੁਝ ਸਥਾਨਾਂ ਤੇ ਮਸੀਹੀ ਵਿਧੀਆਂ ਦੀ ਬਣਤਰ ਪਹਿਲਾਂ ਹੀ ਸਮੱਗਰੀ ਦੇ ਮੁਆਫਕ ਹੈ; ਹੋਰਨਾਂ ਸਥਾਨਾਂ ਤੇ, ਅਸੀਂ ਆਸ ਕਰਦੇ ਹਾਂ ਕਿ ਇਸ ਨੂੰ ਮੁਆਫਕ ਬਣਾਉਣ ਦੀ ਲੋੜ ਅਜਿਹੀ ਬਣਤਰ ਉਤਪੰਨ ਕਰਨ ਲਈ ਪ੍ਰੇਰਿਤ ਕਰੇਗੀ।

## ਪ੍ਰਾਰਥਨਾ ਦੇ ਹਫ਼ਤੇ ਦੀ ਸਮੱਗਰੀ ਦਾ ਇਸਤੇਮਾਲ

- ਉਨ੍ਹਾਂ ਕਲੀਸਿਯਾਵਾਂ ਅਤੇ ਮਸੀਹੀ ਸਮਾਜਾਂ ਲਈ ਜਿਹੜੇ ਇੱਕ ਇਕੱਠੀ ਸਭਾ ਦੇ ਵਿੱਚ ਪ੍ਰਾਰਥਨਾ ਦੇ ਹਫਤੇ ਨੂੰ ਮਣਾਉਂਦੇ ਹਨ, ਉਨ੍ਹਾਂ ਲਈ ਮਸੀਹੀ ਅਰਾਧਨਾ ਵਿਧੀ ਦਿੱਤੀ ਗਈ ਹੈ।
- ਕਲੀਸਿਯਾਵਾਂ ਅਤੇ ਮਸੀਹੀ ਸਮਾਜ ਉਨ੍ਹਾਂ ਦੀਆਂ ਆਪਣੀਆਂ ਸਭਾਵਾਂ ਵਿੱਚ ਵੀ ਪ੍ਰਾਰਥਨਾ ਦੇ ਹਫਤੇ ਤੋਂ ਸਮੱਗਰੀ ਨੂੰ ਸ਼ਾਮਲ ਕਰ ਸਕਦੇ ਹਨ। ਕਲੀਸਿਯਾਈ ਅਰਾਧਨਾ ਸਭਾ, "ਅੱਠ ਦਿਨਾਂ" ਤੋਂ ਪ੍ਰਾਰਥਨਾਵਾਂ, ਅਤੇ ਵਾਧੂ ਪ੍ਰਾਰਥਨਾ ਦੀ ਚੋਣ ਵੀ ਆਪਣੇ ਸਥਾਨ ਅਨੁਸਾਰ ਵਰਤੀ ਜਾ ਸਕਦੀ ਹੈ।
- ਉਹ ਸਮਾਜ ਜਿਹੜੇ ਹਫ਼ਤੇ ਦੇ ਦੌਰਾਨ ਆਪਣੀ ਅਰਾਧਨਾ ਸਭਨਾ ਵਿੱਚ ਪ੍ਰਾਰਥਨਾ ਦੇ ਹਫ਼ਤੇ ਨੂੰ ਮਨਾਉਂਦੇ ਹਨ ਉਹ ਇਨ੍ਹਾਂ "ਅੱਠ ਦਿਨਾਂ" ਦੀਆਂ ਸਭਾਵਾਂ ਤੋਂ ਸਮੱਗਰੀ ਨੂੰ ਲੈ ਸਕਦੇ ਹਨ।
- ਉਹ ਜਿਹੜੇ ਪ੍ਰਾਰਥਨਾ ਦੇ ਹਫ਼ਤੇ ਦੌਰਾਨ ਬਾਈਬਲ ਅਧਿਐਨ ਵੀ ਕਰਨਾ ਚਾਹੁੰਦੇ ਹਨ ਉਹ ਬਾਈਬਲ ਮੂਲ ਪਾਠਾਂ ਅਤੇ ਅੱਠਾਂ ਦਿਨਾਂ ਵਿੱਚ ਦਿੱਤੇ ਮਨਨ ਨੂੰ ਆਧਾਰ ਵਜੋਂ ਇਸਤੇਮਾਲ ਕਰ ਸਕਦੇ ਹਨ। ਹਰ ਦਿਨ ਚਰਚਾ ਸਿਫਾਰਸ਼ੀ ਪ੍ਰਾਰਥਨਾ ਦੇ ਇੱਕ ਸਮਾਪਤੀ ਸਮੇਂ ਵਿੱਚ ਅਗਵਾਈ ਕਰ ਸਕਦੀ ਹੈ।
- ਉਹ ਜਿਹੜੇ ਨਿੱਜੀ ਪ੍ਰਾਰਥਨਾ ਕਰਨਾ ਚਾਹੁੰਦੇ ਹਨ ਉਹ ਇਸ ਸਮੱਗਰੀ ਨੂੰ ਪ੍ਰਾਰਥਨਾ ਕੇਂਦਰਿਤ ਹੋਣ ਵਿੱਚ ਸਹਾਇਕ ਪਾਉਣਗੇ। ਉਹ ਇਹ ਮੰਨ ਸਕਦੇ ਹਨ ਕਿ ਉਹ ਮਸੀਹ ਦੀ ਕਲੀਸਿਯਾ ਦੀ ਵੱਡੀ ਪਰਤੱਖ ਏਕਤਾ ਲਈ ਸੰਸਾਰ ਭਰ ਵਿੱਚ ਹੋਰਨਾਂ ਨਾਲ ਪ੍ਰਾਰਥਨਾ ਵਿੱਚ ਸ਼ਾਮਲ ਹੋ ਰਹੇ ਹਨ।

# 2022 ਦਾ ਬਾਈਬਲ ਦਾ ਭਾਗ

---

## *ਮੱਤੀ 2:1-12*

ਜਾਂ ਯਿਸੂ ਰਾਜਾ ਹੇਰੋਦੇਸ ਦੇ ਦਿਨੀਂ ਯਹੂਦਿਯਾ ਦੇ ਬੈਤਲਹਮ ਵਿੱਚ ਜੰਮਿਆ ਤਾਂ ਵੇਖੋ, ਜੋਤਸ਼ੀਆਂ ਨੇ ਚੜ੍ਹਦੇ ਪਾਸਿਓਂ ਯਰੂਸ਼ਲਮ ਵਿੱਚ ਆਣ ਕੇ ਕਿਹਾ," ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ, ਉਹ ਕਿੱਥੇ ਹੈ? ਕਿਉਂ ਜੋ ਅਸਾਂ ਚੜ੍ਹਦੇ ਪਾਸੇ ਉਹ ਦਾ ਤਾਰਾ ਡਿੱਠਾ ਅਤੇ ਉਹ ਨੂੰ ਮੱਥਾ ਟੇਕਣ ਆਏ ਹਾਂ। " ਇਹ ਗੱਲ ਸੁਣ ਕੇ ਰਾਜਾ ਹੇਰੋਦੇਸ ਸਾਰੇ ਯਰੂਸ਼ਲਮ ਸਣੇ ਘਬਰਾਇਆ।ਅਤੇ ਉਸ ਨੇ ਸਾਰੇ ਪਰਧਾਨ ਜਾਜਕਾਂ ਅਤੇ ਕੌਮ ਦੇ ਗ੍ਰੰਥੀਆਂ ਨੂੰ ਇਕੱਠਿਆਂ ਕਰ ਕੇ ਉਨ੍ਹਾਂ ਨੂੰ ਪੁੱਛਿਆ, ਜੋ ਮਸੀਹ ਕਿੱਥੇ ਜੰਮੇਗਾ? ਉਨ੍ਹਾਂ ਨੇ ਉਸ ਨੂੰ ਕਿਹਾ, ਯਹੂਦਿਯਾ ਦੇ ਬੈਤਲਹਮ ਵਿੱਚ ਕਿਉਂ ਜੋ ਨਬੀ ਦੇ ਰਾਹੀਂ ਐਉਂ ਲਿਖਿਆ ਹੋਇਆ ਹੈ ਕਿ

ਹੇ ਬੈਤਲਹਮ ਯਹੂਦਾਹ ਦੇਸ ਦੇ,
ਤੂੰ ਯਹੂਦਾਹ ਦੇ ਹਾਕਮਾਂ ਵਿੱਚੋਂ ਕਿਸੇ ਤਰਾਂ ਛੋਟਾ ਨਹੀਂ ਹੈਂ,
ਕਿਉਂ ਜੋ ਤੇਰੇ ਵਿੱਚੋਂ ਇੱਕ ਹਾਕਮ ਨਿੱਕਲੇਗਾ
ਜਿਹੜਾ ਮੇਰੀ ਪਰਜਾ ਇਸਰਾਏਲ ਦੀ ਪਾਲਨਾ ਕਰੇਗਾ।

ਤਦ ਹੇਰੋਦੇਸ ਨੇ ਜੋਤਸ਼ੀਆਂ ਨੂੰ ਚੁੱਪ ਕੀਤੇ ਬੁਲਾ ਕੇ ਉਨ੍ਹਾਂ ਕੋਲੋਂ ਠੀਕ ਠੀਕ ਪਤਾ ਲਿਆ ਕਿ ਤਾਰਾ ਕਦੋਂ ਵਿਖਾਈ ਦਿੱਤਾ। ਅਤੇ ਉਸ ਨੇ ਉਨ੍ਹਾਂ ਨੂੰ ਬੈਤਲਹਮ ਵੱਲ ਇਹ ਕਹਿ ਕੇ ਘੱਲਿਆ ਭਈ ਜਾਓ ਜਤਨ ਨਾਲ ਉਸ ਬਾਲਕ ਦੀ ਭਾਲ ਕਰੋ ਅਰ ਜਦ ਉਹ ਲੱਭ ਪਵੇ ਤਦ ਮੁੜ ਮੈਨੂੰ ਖ਼ਬਰ ਦਿਓ ਤਾਂ ਮੈਂ ਭੀ ਜਾ ਕੇ ਉਹ ਨੂੰ ਮੱਥਾ ਟੇਕਾਂ। ਓਹ ਰਾਜੇ ਦੀ ਸੁਣ ਕੇ ਤੁਰ ਪਏ ਅਤੇ ਵੇਖੋ ਉਹ ਤਾਰਾ ਜਿਹੜਾ ਉਨ੍ਹਾਂ ਨੇ ਚੜ੍ਹਦੇ ਪਾਸੇ ਡਿੱਠਾ ਸੀ ਉਨ੍ਹਾਂ ਦੇ ਅੱਗੇ ਅੱਗੇ ਚੱਲਿਆ ਇੱਥੋਂ ਤੀਕ ਜੋ ਉਸ ਥਾਂ ਦੇ ਉੱਤੇ ਜਾ ਕੇ ਟਿਕਿਆ ਜਿੱਥੇ ਉਹ ਬਾਲਕ ਸੀ। ਅਤੇ ਤਾਰੇ ਨੂੰ ਵੇਖ ਕੇ ਓਹ ਵੱਡੇ ਹੀ ਅਨੰਦ ਹੋਏ। ਅਤੇ ਉਨ੍ਹਾਂ ਨੇ ਉਸ ਘਰ ਵਿੱਚ ਜਾ ਕੇ ਬਾਲਕ ਨੂੰ ਉਹ ਦੀ ਮਾਤਾ ਮਰਿਯਮ ਦੇ ਨਾਲ ਡਿੱਠਾ ਅਰ ਪੈਰੀਂ ਪੈਕੇ ਉਹ ਨੂੰ ਮੱਥਾ ਟੇਕਿਆ ਅਤੇ ਆਪਣੀਆਂ ਥੈਲੀਆਂ ਖੋਲ੍ਹ ਕੇ ਸੋਨਾ ਅਤੇ ਲੁਬਾਣ ਅਤੇ ਗੰਧਰਸ ਉਹ ਦੀ ਭੇਟ ਕੀਤੀ। ਅਰ ਸੁਫਨੇ ਵਿੱਚ ਖ਼ਬਰ ਪਾ ਕੇ ਜੋ ਹੇਰੋਦੇਸ ਦੇ ਕੋਲ ਫੇਰ ਨਾ ਜਾਣ ਓਹ ਹੋਰ ਰਸਤੇ ਆਪਣੇ ਦੇਸ ਨੂੰ ਮੁੜ ਗਏ।

# 2022 ਸਾਲ ਦੇ ਵਿਸ਼ੇ ਲਈ
# ਮੁੱਖਬੰਧ

---

## ਅਸਾਂ ਚੜ੍ਹਦੇ ਪਾਸੇ ਉਹ ਦਾ ਤਾਰਾ ਡਿੱਠਾ ਹੈ ਅਤੇ ਉਹ ਨੂੰ ਮੱਥਾ ਟੇਕਣ ਆਏ ਹਾਂ"

*(ਮੱਤੀ 2:2)*

ਮੱਤੀ ਦੀ ਇੰਜੀਲ ਦੇ ਅਨੁਸਾਰ (2:1-12), ਯਹੂਦਿਯਾ ਦੇ ਅਕਾਸ਼ ਵਿੱਚ ਤਾਰੇ ਦਾ ਪਰਗਟ ਹੋਣਾ ਇੱਕ ਲੰਮੀ ਕੀਤੀ ਆਸ ਦੀ ਉਡੀਕ ਦਾ ਪ੍ਰਤੀਨਿਧ ਕਰਦਾ ਹੈ, ਜਿਹੜਾ ਕਿ ਮਜੂਸੀਆਂ ਨੂੰ, ਅਤੇ ਯਕੀਨਨ ਧਰਤੀ ਦੇ ਸਾਰੇ ਲੋਕਾਂ ਨੂੰ ਉਸ ਸਥਾਨ ਤੇ ਲਿਆਉਂਦਾ ਜਿੱਥੇ ਸੱਚਾ ਰਾਜਾ ਅਤੇ ਮੁਕਤੀਦਾਤਾ ਪਰਗਟ ਕੀਤਾ ਜਾਵੇਗਾ। ਇਹ ਤਾਰਾ ਇੱਕ ਤੋਹਫਾ ਹੈ, ਜੋ ਸਾਰੀ ਮਨੁੱਖਜਾਤੀ ਲਈ ਪਰਮੇਸ਼ੁਰ ਦੀ ਪਿਆਰੀ ਹਜ਼ੂਰੀ ਦਾ ਇੱਕ ਸੰਕੇਤ ਹੈ। ਮਜੂਸੀਆਂ ਲਈ ਇਹ ਇੱਕ ਨਿਸ਼ਾਨੀ ਸੀ ਕਿ ਰਾਜਾ ਪੈਦਾ ਹੋਇਆ ਹੈ। ਇਹ ਆਪਣੀਆਂ ਕਿਰਨਾਂ ਨਾਲ ਮਨੁੱਖਜਾਤੀ ਨੂੰ ਇੱਕ ਵੱਡੀ ਰੋਸ਼ਨੀ, ਯਿਸੂ, ਨਵੀਂ ਰੋਸ਼ਨੀ ਵੱਲ ਲਿਆਉਂਦਾ ਹੈ ਜੋ ਹਰ ਵਿਅਕਤੀ ਨੂੰ ਪਰਕਾਸ਼ਮਾਨ ਕਰਦੀ ਅਤੇ ਜੋ ਪਿਤਾ ਦੀ ਮਹਿਮਾ ਅਤੇ ਉਸ ਦੇ ਤੇਜ ਦੀਆਂ ਕਿਰਨਾਂ ਵਿੱਚ ਅਗਵਾਈ ਕਰਦੀ ਹੈ। ਯਿਸੂ ਉਹ ਚਾਨਣ ਹੈ ਜਿਹੜਾ ਸਾਡੇ ਅਨ੍ਹੇਰੇ ਵਿੱਚ ਆਇਆ ਜਦੋਂ, ਪਵਿੱਤਰ ਆਤਮਾ ਦੁਆਰਾ, ਉਹ ਕੁਆਰੀ ਮਰਿਯਮ ਤੋਂ ਦੇਹਧਾਰੀ ਹੋਇਆ ਅਤੇ ਮਨੁੱਖ ਬਣ ਗਿਆ। ਯਿਸੂ ਉਹ ਚਾਨਣ ਹੈ ਜਿਹੜਾ ਸਾਡੇ ਕਾਰਨ ਅਤੇ ਸਾਡੀ ਮੁਕਤੀ ਲਈ ਸੰਸਾਰ ਦੇ ਅਨ੍ਹੇਰੇ ਵਿੱਚ ਹੋਰ ਅੱਗੇ ਗਿਆ, ਉਸ ਨੇ ਖੁਦ ਨੂੰ ਖਾਲੀ ਕੀਤਾ ਅਤੇ ਮੌਤ ਤਾਈਂ ਆਗਿਆਕਾਰ ਬਣ ਗਿਆ। ਉਹ ਨੇ ਪਿਤਾ ਤੱਕ ਸਾਡੇ ਰਾਹ ਨੂੰ ਪਰਕਾਸ਼ਮਾਨ ਕਰਨ ਲਈ ਇਹ ਕੀਤਾ, ਤਾਂ ਜੋ ਅਸੀਂ ਪਿਤਾ ਨੂੰ ਅਤੇ ਸਾਡੇ ਲਈ ਉਸ ਦੇ ਪਿਆਰ ਨੂੰ ਜਾਣ ਸਕੀਏ, ਜਿਸ ਨੇ ਆਪਣਾ ਇਕਲੌਤਾ ਪੁੱਤਰ ਸਾਨੂੰ ਦਿੱਤਾ, ਤਾਂ ਜੋ ਉਸ ਤੇ ਵਿਸ਼ਵਾਸ ਕਰਨ ਦੁਆਰਾ ਅਸੀਂ ਨਾਸ਼ ਨਾ ਹੋਈਏ ਪਰ ਸਦੀਪਕ ਜੀਵਨ ਪ੍ਰਾਪਤ ਕਰੀਏ।

ਮਜੂਸੀਆਂ ਨੇ ਤਾਰਾਂ ਵੇਖਿਆ ਅਤੇ ਉਸ ਦੇ ਪਿੱਛੇ ਚੱਲੇ। ਰਵਾਇਤੀ ਟੀਕਾਕਾਰਾਂ ਨੇ ਮਜੂਸੀਆਂ ਦੀ ਤਸਵੀਰ ਨੂੰ ਉਸ ਸਮੇਂ ਪ੍ਰਸਿੱਧ ਲੋਕਾਂ ਦੀਆਂ ਭਿੰਨਤਾਵਾਂ ਦੇ ਇੱਕ ਪ੍ਰਤੀਕ ਵਜੋਂ, ਅਤੇ ਈਸ਼ਵਰੀ ਬੁਲਾਹਟ ਦੀ ਸਰਬ ਵਿਆਪਕਤਾ ਦੇ ਇੱਕ ਚਿੰਨ੍ਹ ਵਜੋਂ ਵੇਖਿਆ ਹੈ ਜਿਹੜੀ ਪੂਰਬ ਤੋਂ ਚਮਕਦੇ ਤਾਰੇ ਦੇ ਚਾਨਣ ਵਿੱਚ ਪ੍ਰਗਟ ਹੋਈ ਸੀ। ਉਨ੍ਹਾਂ ਨੇ ਨਵ ਜੰਮੇ ਰਾਜੇ ਲਈ, ਸਚਿਆਈ ਲਈ, ਭਲਿਆਈ ਲਈ ਅਤੇ ਸੁੰਦਰਤਾ ਲਈ ਸਾਰੀ ਮਨੁੱਖਜਾਤੀ ਦੀ ਉਤਸੁਕ ਖੋਜ ਨੂੰ ਵੀ ਵੇਖਿਆ ਸੀ। ਮਨੁੱਖਤਾ ਸਰਿਸ਼ਟੀ ਦੇ ਅਰੰਭ ਤੋਂ ਹੀ ਪਰਮੇਸ਼ੁਰ ਨੂੰ ਆਪਣੀ ਅਰਾਧਨਾ ਦੇਣ ਲਈ ਉਡੀਕਦੀ ਰਹੀ ਹੈ। ਤਾਰਾ ਉਦੋਂ ਪਰਗਟ ਹੋਇਆ ਜਦੋਂ ਈਸ਼ਵਰੀ ਬਾਲਕ ਸਮਾਂ ਪੂਰਾ ਹੋਣ ਤੇ ਪੈਦਾ ਹੋਇਆ ਸੀ। ਇਸ ਨੇ ਲੰਮੇ ਸਮੇਂ ਤੋਂ ਮੁਕਤੀ ਲਈ ਉਡੀਕੇ ਜਾਂਦੇ ਪਰਮੇਸ਼ੁਰ ਦੇ ਕੰਮ ਦੀ ਘੋਸ਼ਣਾ ਕੀਤੀ ਜਿਹੜਾ ਕਿ ਦੇਹਧਾਰੀ ਹੋਣ ਦੇ ਭੇਤ ਵਿੱਚ ਅਰੰਭ ਹੋਇਆ ਸੀ।

ਮਜੂਸੀ ਪਰਮੇਸ਼ੁਰ ਦੁਆਰਾ ਸਾਰੇ ਦੇਸਾਂ ਦੀ ਇਛੁੱਕ ਏਕਤਾ ਨੂੰ ਸਾਡੇ ਤੇ ਪਰਗਟ ਕਰਦੇ ਹਨ। ਉਹ ਦੂਰ ਦੇਸਾਂ ਤੋਂ ਯਾਤਰਾ ਕਰ ਕੇ ਆਏ ਸਨ, ਅਤੇ ਵੱਖ-ਵੱਖ ਸੱਭਿਆਚਾਰ ਦੀ ਨੁਮਾਇੰਦਗੀ ਕਰਦੇ ਹਨ, ਫਿਰ ਵੀ ਉਹ ਇੱਕੋ ਹੀ ਭੁੱਖ ਦੁਆਰਾ ਆਕਰਸ਼ਿਤ ਹੋਏ ਸਨ ਕਿ ਨਵ ਜੰਮੇ ਰਾਜੇ ਨੂੰ ਵੇਖਣਾ ਅਤੇ ਜਾਣਨਾ ਹੈ, ਅਤੇ ਮੱਥਾ ਟੇਕਣ ਅਤੇ ਤੋਹਫੇ ਦੇਣ ਦੇ ਸਾਧਾਰਣ ਜਿਹੇ ਕੰਮ ਲਈ ਬੈਤਲਹਮ ਦੇ ਛੋਟੇ ਜਿਹੇ ਘਰ ਵਿੱਚ ਇਕੱਠੇ ਹੋਏ ਸਨ। ਮਸੀਹੀ ਪਰਮੇਸ਼ੁਰ ਦੇ ਸੰਸਾਰ ਵਿੱਚ ਉਸ ਏਕਤਾ ਨੂੰ ਲਿਆਉਣ ਦੀ ਇੱਕ ਨਿਸ਼ਾਨੀ ਵਜੋਂ ਚੁਣੇ ਗਏ ਹਨ ਜੋ ਕਿ ਉਹ ਚਾਹੁੰਦਾ ਹੈ। ਵੱਖ-ਵੱਖ ਸੱਭਿਆਚਾਰਾਂ, ਜਾਤੀਆਂ ਅਤੇ ਭਾਸ਼ਾਵਾਂ ਤੋਂ

ਆਉਂਦੇ ਹੋਏ, ਮਸੀਹੀ ਮਸੀਹ ਲਈ ਇੱਕ ਸਾਂਝੀ ਭੁੱਖੀ ਅਤੇ ਉਸ ਦੀ ਅਰਾਧਨਾ ਕਰਨ ਦੀ ਇੱਕ ਸਾਂਝੀ ਇੱਛਾ ਨੂੰ ਰੱਖਦੇ ਹਨ। ਮਸੀਹੀ ਲੋਕਾਂ ਦਾ ਮਿਸ਼ਨ, ਇਸ ਤਰ੍ਹਾਂ, ਤਾਰੇ ਦੇ ਵਾਂਙ ਇੱਕ ਚਿੰਨ੍ਹ ਬਣਨਾ ਹੈ, ਤਾਂ ਜੋ ਪਰਮੇਸ਼ੁਰ ਲਈ ਮਨੁੱਖਤਾ ਦੀ ਇਸ ਭੁੱਖ ਵਿੱਚ ਅਗਵਾਈ ਕਰਨ, ਸਭਨਾਂ ਨੂੰ ਮਸੀਹ ਵੱਲ ਲਿਆਉਣ, ਅਤੇ ਉਹ ਸਾਧਨ ਬਣਨ ਜਿੰਨਾ ਦੁਆਰਾ ਪਰਮੇਸ਼ੁਰ ਸਾਰੇ ਲੋਕਾਂ ਦੀ ਏਕਤਾ ਨੂੰ ਲਿਆਉਂਦਾ ਹੈ।

ਮਜੂਸੀਆਂ ਦੀ ਅਰਾਧਨਾ ਕਰਨ ਦੇ ਕੰਮ ਦੇ ਹਿੱਸੇ ਵਿੱਚ ਆਪਣੇ ਖਜਾਨਿਆਂ ਨੂੰ ਖੋਲ੍ਹਣਾ, ਆਪਣੇ ਤੋਹਫਿਆਂ ਨੂੰ ਦੇਣਾ ਵੀ ਆਉਂਦਾ ਹੈ, ਜੋ ਪੁਰਾਤਨ ਮਸੀਹੀ, ਮਸੀਹ ਦੀ ਪਛਾਣ ਦੇ ਵੱਖ-ਵੱਖ ਪਹਿਲੂਆਂ ਦੇ ਚਿੰਨ੍ਹਾਂ ਵਜੋਂ ਇਸ ਨੂੰ ਗਿਣਦੇ ਹਨ: ਸੋਨਾ ਉਸ ਦੀ ਰਾਜਸੀ ਪਛਾਣ ਲਈ; ਧੂਪ ਉਸ ਦੀ ਈਸ਼ਵਰਤਾ ਲਈ; ਅਤੇ ਲੋਬਾਨ ਉਸ ਦੀ ਮੌਤ ਦੇ ਪਰਛਾਵੇਂ ਵਜੋਂ। ਵੱਖ-ਵੱਖ ਤੋਹਫੇ, ਇਸ ਤਰ੍ਹਾਂ, ਇੱਕ ਖਾਸ ਅੰਤਰਦ੍ਰਿਸ਼ਟੀ ਦੀ ਇੱਕ ਤਸਵੀਰ ਨੂੰ ਦਿੰਦੇ ਹਨ ਜੋ ਵੱਖ-ਵੱਖ ਮਸੀਹੀ ਰਵਾਇਤਾਂ ਮਸੀਹ ਦੀ ਸ਼ਖਸ਼ੀਅਤ ਅਤੇ ਕੰਮ ਵਿੱਚ ਰੱਖਦੀਆਂ ਹਨ। ਜਦੋਂ ਮਸੀਹੀ ਇਕੱਠੇ ਹੁੰਦੇ ਹਨ ਅਤੇ ਆਪਣੇ ਖਜਾਨੇ ਅਤੇ ਆਪਣੇ ਦਿਲਾਂ ਨੂੰ ਮਸੀਹ ਦੀ ਅਰਾਧਨਾ ਵਾਸਤੇ ਖੋਲ੍ਹਦੇ ਹਨ, ਤਾਂ ਸਾਰੇ ਬਰਕਤ ਪਾਉਂਦੇ ਹਨ ਜਦੋਂ ਇਹ ਅੰਤਰਦ੍ਰਿਸ਼ਟੀ ਦੇ ਤੋਹਫੇ ਵੰਡੇ ਜਾਂਦੇ ਹਨ।

ਤਾਰਾ ਪੂਰਬ ਦੇ ਵਿੱਚ ਚੜ੍ਹਿਆ ਸੀ (ਮੱਤੀ 2:2)। ਸੂਰਜ ਪੂਰਬ ਤੋਂ ਹੀ ਚੜ੍ਹਦਾ ਹੈ, ਅਤੇ ਇਸ ਮਿਡਲ ਈਸਟ ਦੇ ਵਿੱਚੋਂ ਹੀ ਪਰਮੇਸ਼ੁਰ ਦੀ ਦਯਾ ਦੁਆਰਾ ਮੁਕਤੀ ਪਰਗਟ ਹੋਈ ਸੀ ਜਿਸ ਨੇ ਸਾਨੂੰ ਸਵੇਰ ਦੇ ਚਾਨਣ ਨਾਲ ਬਰਕਤ ਦਿੱਤੀ ਹੈ (ਲੂਕਾ 1:78)। ਪਰ ਮਿਡਲ ਈਸਟ ਦਾ ਇਤਹਾਸ ਕੱਲ ਵੀ, ਅਤੇ ਅੱਜ ਵੀ, ਲੜਾਈਆਂ ਅਤੇ ਝਗੜੇ ਦੀ ਵਿਸ਼ੇਸ਼ਤਾ ਰੱਖਦਾ, ਲਹੂ ਦੇ ਧੱਬਿਆਂ ਨਾਲ ਅਤੇ ਅਨਿਆਂ ਅਤੇ ਅੱਤਿਆਚਾਰ ਦੇ ਅਨ੍ਹੇਰੇ ਨਾਲ ਦਾਗਦਾਰ ਹੈ। ਹਾਲ ਵਿੱਚ ਹੀ, ਫਿਲਸਤੀਨ ਨਕਬਾ (1948 ਦੇ ਯੁੱਧ ਦੌਰਾਨ ਫਿਲਸਤੀਨ ਅਰਬ ਦੇ ਕੂਚ ਦੀ ਜੰਨਸੰਖਿਆ) ਦੇ ਇਲਾਕੇ ਵਿੱਚ ਖੂਨੀ ਯੁੱਧ ਅਤੇ ਅੰਦਲੋਨ ਅਤੇ ਧਾਰਮਿਕ ਕੱਟੜਵਾਦ ਦੇ ਉੱਠਣ ਦੀ ਇੱਕ ਸ਼੍ਰੇਣੀ ਵੇਖੀ ਜਾਂਦੀ ਰਹੀ ਹੈ। ਮਜੂਸੀਆਂ ਦੀ ਕਹਾਣੀ ਵਿੱਚ ਵੀ ਬਹੁਤ ਸਾਰੇ ਅਨ੍ਹੇਰੇ ਦੇ ਖੰਡ ਸ਼ਾਮਲ ਹਨ, ਖਾਸ ਕਰਕੇ ਹੇਰੋਦੇਸ ਦਾ ਬੈਤਲਹਮ ਵਿੱਚ ਸਾਰੇ ਬੱਚਿਆਂ ਦਾ ਕਤਲੇਆਮ ਜੋ ਕਿ ਦੋ ਸਾਲਾਂ ਤੋਂ ਹੇਠਾਂ ਦੀ ਉਮਰ ਦੇ ਸਨ ਦਾ ਤਾਨਸ਼ਾਹ ਆਦੇਸ਼ ਵੀ ਇਸ ਵਿੱਚ ਆਉਂਦਾ ਹੈ (ਮੱਤੀ 2:16-18)। ਇਨ੍ਹਾਂ ਵਰਣਨਾਂ ਦਾ ਅੱਤਿਆਚਾਰ ਅਤੇ ਮਿਡਲ ਈਸਟ ਦੇ ਵਿੱਚ ਹੁਣ ਦੀ ਮੁਸ਼ਕਿਲ ਦੇ ਲੰਮੇ ਇਤਹਾਸ ਦੀ ਗੂੰਜ਼ ਦਿੰਦਾ ਹੈ।

ਇਹ ਮਿਡਲ ਈਸਟ ਦੇ ਵਿੱਚ ਹੀ ਸੀ ਕਿ ਪਰਮੇਸ਼ੁਰ ਦੇ ਵਚਨ ਦੀ ਜੜ੍ਹ ਫੁੱਟੀ ਅਤੇ ਫਲ ਲਿਆਈ: ਤੀਹ ਗੁਣਾ ਅਤੇ ਸੌ ਗੁਣਾ। ਅਤੇ ਇਸੇ ਪੂਰਬ ਤੋਂ ਰਸੂਲ ਧਰਤੀ ਦੇ ਬੰਨ੍ਹੇ ਤੀਕੁਰ ਇੰਜੀਲ ਦਾ ਪਰਚਾਰ ਕਰਨ ਲਈ ਭੇਜੇ ਗਏ ਸਨ (ਰਸੂਲਾਂ ਦੇ ਕਰਤੱਬ 1:8)। ਮਿਡਲ ਈਸਟ ਨੇ ਹਜ਼ਾਰਾਂ ਮਸੀਹੀ ਗਵਾਹਾਂ ਅਤੇ ਹਜ਼ਾਰਾਂ ਮਸੀਹੀ ਸ਼ਹੀਦਾਂ ਨੂੰ ਦਿੱਤਾ। ਅਤੇ ਫਿਰ ਵੀ ਹੁਣ, ਛੋਟੇ ਮਸੀਹੀ ਸਮਾਜ ਦੀ ਹੋਂਦ ਨੂੰ ਖਤਰਾ ਹੈ ਕਿਉਂਜੋ ਬਹੁਤ ਸਾਰੇ ਜ਼ਿਆਦਾ ਸੁਰੱਖਿਅਤ ਅਤੇ ਪਵਿੱਤਰ ਜੀਵਨ ਕਿਤੇ ਹੋਰ ਭਾਲਣ ਲਈ ਖਿੱਚੇ ਜਾ ਰਹੇ ਹਨ। ਚਾਨਣ ਦੇ ਵਾਂਙ ਹੀ ਜਿਹੜਾ ਕਿ ਯਿਸੂ ਹੈ, ਮਿਡਲ ਈਸਟ ਦੀ ਮਸੀਹੀਅਤ ਦਾ ਚਾਨਣ ਇਨ੍ਹਾਂ ਮੁਸ਼ਕਿਲ ਸਮਿਆਂ ਦੇ ਵਿੱਚ ਖਤਰੇ ਵਿੱਚ ਹੈ।

ਯਰੂਸ਼ਲਮ ਮਸੀਹੀਆਂ ਲਈ ਇੱਕ ਸ਼ਕਤੀਸ਼ਾਲੀ ਪ੍ਰਤੀਕ ਹੈ ਕਿਉਂਕਿ ਇਹ ਸ਼ਾਂਤੀ ਦਾ ਸ਼ਹਿਰ ਹੈ ਜਿੱਥੇ ਕਿ ਸਾਰੀ ਮਨੁੱਖਜਾਤੀ ਬਚਾਈ ਗਈ ਅਤੇ ਛੁਟਕਾਰਾ ਪਾਈ ਹੈ। ਪਰ ਅੱਜ ਸ਼ਾਂਤੀ ਉਸ ਸ਼ਹਿਰ ਦੇ ਵਿੱਚ ਨਹੀਂ ਹੈ। ਵੱਖ-ਵੱਖ ਪਾਰਟੀਆਂ ਇਸ ਦੇ ਉੱਤੇ ਆਪਣਾ ਦਾਅਵਾ ਕਰਦੀਆਂ ਅਤੇ ਹੋਰਨਾਂ ਨੂੰ ਤੁੱਛ ਗਿਣਦੀਆਂ ਹਨ। ਇੱਥੋਂ ਤੱਕ ਕਿ ਯਰੂਸ਼ਲਮ ਵਿੱਚ ਪ੍ਰਾਰਥਨਾ ਵੀ ਰਾਜਨੀਤਿਕ ਅਤੇ ਸੈਨਿਕ ਮਾਪ ਅਧੀਨ ਹੋ ਗਈ ਹੈ। ਯਰੂਸ਼ਲਮ ਰਾਜਿਆਂ ਦਾ ਸ਼ਹਿਰ ਸੀ, ਸੱਚਮੁੱਚ ਉਹ ਸ਼ਹਿਰ ਜਿਸ ਦੇ ਵਿੱਚ ਯਿਸੂ ਨੇ ਰਾਜੇ ਦੇ ਦਾਅਵੇ ਵਜੋਂ, ਸ਼ਾਹੀ ਦਾਖਲਾ ਲਿਆ ਸੀ (ਲੂਕਾ 19:28-44)। ਸੁਭਾਵਕ ਤੌਰ ਤੇ ਮਜੂਸੀਆਂ ਨੇ ਨਵ ਜੰਮੇ ਰਾਜੇ ਨੂੰ ਉਸ ਦੇ ਰਾਜਸੀ ਸ਼ਹਿਰ ਵਿੱਚ ਤਾਰੇ ਦੁਆਰਾ ਪਰਗਟ ਕੀਤੇ ਗਏ ਨਵੇਂ ਪੈਦਾ ਹੋਏ ਰਾਜੇ ਵਜੋਂ ਹੋਣ ਦੀ

ਉਮੀਦ ਕੀਤੀ ਸੀ। ਫਿਰ ਵੀ, ਵਰਣਨ ਇਹ ਦੱਸਦਾ ਹੈ ਕਿ, ਮੁਕਤੀਦਾਤੇ ਰਾਜੇ ਦੇ ਜਨਮ ਦੁਆਰਾ ਬਰਕਤ ਪਾਏ ਜਾਣ ਦੀ ਬਜਾਏ, ਪੂਰਾ ਸ਼ਹਿਰ ਗੜਬੜ ਵਿੱਚ ਪੈ ਗਿਆ ਸੀ, ਜਿਵੇਂ ਕਿ ਅੱਜ ਵੀ ਹੈ।

ਅੱਜ, ਪਹਿਲਾਂ ਨਾਲੋਂ ਕਿਤੇ ਜ਼ਿਆਦਾ, ਮਿਡਲ ਈਸਟ ਨੂੰ ਆਪਣੇ ਲੋਕਾਂ ਦੇ ਨਾਲ ਹੋਣ ਲਈ ਇੱਕ ਸਵਰਗੀ ਚਾਨਣ ਦੀ ਲੋੜ ਹੈ। ਬੈਤਲਹਮ ਦਾ ਤਾਰਾ ਇੱਕ ਉਹ ਨਿਸ਼ਾਨੀ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਨਾਲ ਚੱਲਦਾ ਹੈ, ਉਨ੍ਹਾਂ ਦੇ ਦਰਦ ਨੂੰ ਮਹਿਸੂਸ ਕਰਦਾ, ਉਨ੍ਹਾਂ ਦੀ ਦੁਹਾਈ ਸੁਣਦਾ, ਅਤੇ ਉਨ੍ਹਾਂ ਤੇ ਤਰਸ ਵਿਖਾਉਂਦਾ ਹੈ। ਇਹ ਸਾਨੂੰ ਮੁੜ ਤੋਂ ਭਰੋਸਾ ਦਵਾਉਂਦਾ ਹੈ ਕਿ ਭਾਵੇਂ ਕਿ ਹਾਲਾਤ ਬਦਲਣ ਅਤੇ ਭਿਆਨਕ ਤਬਾਹੀਆਂ ਆਉਣ, ਪਰਮੇਸ਼ੁਰ ਦੀ ਵਫ਼ਾਦਾਰੀ ਅਟੱਲ ਹੁੰਦੀ ਹੈ। ਪ੍ਰਭੂ ਨਾ ਤਾਂ ਸੌਂਦਾ ਅਤੇ ਨਾ ਹੀ ਉਂਘਦਾ ਹੈ। ਉਹ ਆਪਣੇ ਲੋਕਾਂ ਨਾਲ ਚੱਲਦਾ ਅਤੇ ਜਦੋਂ ਉਹ ਖਤਰੇ ਵਿੱਚ ਗੁਆਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਵਾਪਸ ਲਿਆਉਂਦਾ ਹੈ। ਵਿਸ਼ਵਾਸ ਦੀ ਯਾਤਰਾ ਇਹ ਪਰਮੇਸ਼ੁਰ ਦੇ ਨਾਲ ਚੱਲਣ ਵਿੱਚ ਹੈ ਜਿਹੜਾ ਸਦਾ ਆਪਣੇ ਲੋਕਾਂ ਦੀ ਨਿਗਾਰਨੀ ਕਰਦਾ ਅਤੇ ਇਤਹਾਸ ਅਤੇ ਜੀਵਨ ਦੇ ਜਟਿਲ ਰਾਹਾਂ ਵਿੱਚ ਵੀ ਸਾਡਾ ਮਾਰਗਦਰਸ਼ਣ ਕਰਦਾ ਹੈ।

ਪ੍ਰਾਰਥਨਾ ਦੇ ਹਫਤੇ ਲਈ, ਮਿਡਲ ਈਸਟ ਦੇ ਮਸੀਹੀਆਂ ਨੇ ਤਾਰੇ ਦਾ ਵਿਸ਼ਾ ਚੁਣਿਆ ਹੈ ਜਿਹੜਾ ਕਈ ਕਾਰਨਾਂ ਕਰਕੇ ਪੂਰਬ ਦੇ ਵਿੱਚੋਂ ਚੜ੍ਹਿਆ ਸੀ। ਜਦੋਂ ਕਿ ਬਹੁਤ ਸਾਰੇ ਪੱਛਮੀ ਮਸੀਹੀ ਕ੍ਰਿਸਮਿਸ ਦਾ, ਜ਼ਿਆਦਾ ਪੁਰਾਤਨ ਪਰਬਾਂ ਦਾ ਜਸ਼ਨ ਮਨਾਉਂਦੇ ਹਨ, ਅਤੇ ਫਿਰ ਵੀ ਬਹੁਤ ਸਾਰੇ ਪੂਰਬੀ ਮਸੀਹੀਆਂ ਦਾ ਮੁੱਖ ਤਿਉਹਾਰ, ਏਪੀਫਨੀ (ਕ੍ਰਿਸਮਿਸ ਦੇ ਬਾਰਾਂ ਦਿਨ) ਹੈ ਜਦੋਂ ਪਰਮੇਸ਼ੁਰ ਦੀ ਮੁਕਤੀ ਬੈਤਲਹਮ ਵਿੱਚ ਅਤੇ ਯਰਦਨ ਤੇ ਦੇਸਾਂ ਦੇ ਵਿੱਚ ਪਰਗਟ ਕੀਤੀ ਗਈ ਸੀ। ਇਹ ਪਰਮੇਸ਼ੁਰ ਦੇ ਦਿੱਖ ਰੂਪ ਤੇ ਕੇਂਦਿਰਤ ਹੁੰਦਾ ਹੈ (ਪ੍ਰਗਟੀਕਰਣ ਤੇ), ਇੱਕ ਸਮਝ ਵਿੱਚ, ਇੱਕ ਉਹ ਖਜਾਨਾ ਜਿਹੜਾ ਕਿ ਮਿਡਲ ਈਸਟ ਦੇ ਮਸੀਹੀ ਸੰਸਾਰ ਭਰ ਵਿੱਚ ਆਪਣੇ ਭੈਣਾਂ ਅਤੇ ਭਰਾਵਾਂ ਨੂੰ ਦੇ ਸਕਦੇ ਹਨ।

ਤਾਰਾਂ ਯਰੂਸ਼ਲਮ ਦੀ ਗੜਬੜੀ ਵਿੱਚ ਵੀ ਮਜੂਸੀਆਂ ਦੀ ਅਗਵਾਈ ਕਰਦਾ ਹੈ ਜਿੱਥੇ ਕਿ ਹੇਰੋਦੇਸ ਨੇ ਨਿਰਦੋਸ਼ ਜੀਵਨਾਂ ਨੂੰ ਕਤਲ ਕਰਨ ਦੀ ਸਾਜਸ਼ ਕੀਤੀ। ਫਿਰ ਵੀ ਅੱਜ, ਅਤੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ, ਨਿਰਦੋਸ਼ ਬਗਾਵਤ ਦਾ ਕਸ਼ਟ ਅਤੇ ਹਿੰਸਾ ਦੇ ਖਤਰੇ ਨੂੰ ਸਹਿਣ ਕਰਦੇ ਹਨ, ਅਤੇ ਜੁਆਨ ਪਰਿਵਾਰ ਹੇਰੋਦੇਸ ਅਤੇ ਅਗਸਟਸ ਵਰਗੇ ਜਾਲਮਾਂ ਕਰਕੇ ਭੱਜ ਜਾਂਦੇ ਹਨ। ਇਸ ਪਰਸੰਗ ਦੇ ਵਿੱਚ, ਲੋਕ ਇੱਕ ਇਸ ਨਿਸ਼ਾਨੀ ਨੂੰ ਖੋਜਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਦੇ ਵਿਚਕਾਰ ਹੈ। ਉਹ ਨਵ ਜੰਮੇ ਰਾਜੇ ਨੂੰ, ਸੱਜਣਤਾ, ਸ਼ਾਂਤੀ ਅਤੇ ਪਿਆਰ ਦੇ ਰਾਜੇ ਨੂੰ ਲੱਭਦੇ ਹਨ। ਪਰ ਉਹ ਤਾਰਾ ਕਿੱਥੇ ਹੈ ਜਿਹੜਾ ਉਸ ਤੱਕ ਉਨ੍ਹਾਂ ਦੀ ਅਗਵਾਈ ਕਰਦਾ ਹੈ? ਇਹ ਕਲੀਸਿਯਾ ਦਾ ਮਿਸ਼ਨ ਹੈ ਕਿ ਉਹ ਉਹੀ ਤਾਰਾ ਬਣੇ ਜਿਹੜਾ ਉਸ ਮਸੀਹ ਤੱਕ ਰਾਹ ਨੂੰ ਜਗਮਗਾਉਂਦਾ ਜਿਹੜਾ ਕਿ ਜਗਤ ਦਾ ਚਾਨਣ ਹੈ। ਅਜਿਹਾ ਇੱਕ ਤਾਰਾ ਹੋਣ ਦੇ ਦੁਆਰਾ ਕਲੀਸਿਯਾ ਦੁੱਖਾਂ ਦੇ ਇੱਕ ਸੰਸਾਰ ਵਿੱਚ ਆਸ ਦਾ ਅਤੇ ਪਰਮੇਸ਼ੁਰ ਦੇ ਲੋਕਾਂ ਵਿਚਕਾਰ ਉਸ ਦੀ ਹਜ਼ੂਰੀ ਦਾ ਇੱਕ ਚਿੰਨ੍ਹ ਬਣ ਜਾਂਦੀ ਹੈ, ਜਿਹੜੀ ਜੀਵਨ ਦੀਆਂ ਮੁਸ਼ਕਿਲਾਂ ਵਿੱਚ ਉਨ੍ਹਾਂ ਨਾਲ ਚੱਲਦੀ ਹੈ। ਬੋਲਚਾਲ ਅਤੇ ਕੰਮਾਂ ਦੇ ਦੁਆਰਾ ਮਸੀਹੀਆਂ ਨੇ ਰਾਹ ਨੂੰ ਪਰਕਾਸ਼ਮਾਨ ਕਰਨਾ ਹੈ ਤਾਂ ਜੋ ਮਸੀਹ ਇੱਕ ਵਾਰ ਕੌਮਾਂ ਤੇ ਪਰਗਟ ਹੋਵੇ। ਪਰ ਸਾਡੇ ਵਿਚਕਾਰ ਆਪਣੀ ਹੀ ਵੰਡ ਮਸੀਹੀ ਗਵਾਹੀ ਦੀ ਰੋਸ਼ਨੀ ਨੂੰ ਮੱਧਮ ਕਰਦੀ ਅਤੇ ਰਾਹ ਨੂੰ ਧੁੰਦਲਾ ਬਣਾਉਂਦੀ ਹੈ, ਅਤੇ ਹੋਰਨਾਂ ਨੂੰ ਮਸੀਹ ਵੱਲ ਆਉਣ ਤੋਂ ਰੋਕਦੀ ਹੈ। ਇਸ ਦੇ ਉਲਟ, ਮਸੀਹੀਆਂ ਦਾ ਮਸੀਹ ਲਈ ਆਪਣੀ ਅਰਾਧਨਾ ਵਿੱਚ ਇੱਕ ਹੋਣਾ, ਅਤੇ ਤੋਹਫਿਆਂ ਦੀਆਂ ਅਦਲਾ-ਬਦਲੀ ਵਿੱਚ ਆਪਣੇ ਖਜਾਨਿਆਂ ਨੂੰ ਖੋਲ੍ਹਣਾ, ਉਸ ਏਕਤਾ ਦੀ ਇੱਕ ਨਿਸ਼ਾਨੀ ਬਣ ਜਾਂਦਾ ਹੈ ਜੋ ਕਿ ਪਰਮੇਸ਼ੁਰ ਆਪਣੀ ਸਾਰੀ ਸਰਿਸ਼ਟੀ ਤੋਂ ਚਾਹੁੰਦਾ ਹੈ।

ਮਿਡਲ ਈਸਟ ਦੇ ਮਸੀਹੀ ਲੋਕ ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਹਫਤੇ ਲਈ ਇਨ੍ਹਾਂ ਸ੍ਰੋਤਾਂ ਦੀ ਪੇਸ਼ਕਸ਼ ਕਰਦੇ ਹਨ ਇਹ ਜਾਣਦੇ ਹੋਏ ਕਿ ਸੰਸਾਰ ਵਿੱਚ ਉਹ ਬਹੁਤ ਸਾਰੇ ਕਸ਼ਟ ਅਤੇ ਮੁਸ਼ਕਿਲਾਂ ਹਨ ਜਿੰਨਾ ਦਾ ਉਹ ਅਨੁਭਵ ਕਰਦੇ ਹਨ, ਅਤੇ ਇੱਕ ਉਸ ਚਾਨਣ ਦੀ ਲਾਲਸਾ ਰੱਖਦੇ ਹਨ ਜੋ ਮੁਕਤੀਦਾਤੇ ਵੱਲ ਰਾਹ ਵਿਖਾਉਂਦੀ ਜਿਹੜਾ ਕਿ ਅਨ੍ਹੇਰੇ ਤੇ ਜਿੱਤ ਦੇ ਸਕਦਾ ਹੈ। ਕੋਵਿਡ-19 ਇੱਕ ਵਿਸ਼ਵ ਵਿਆਪੀ ਮਹਾਂਮਾਰੀ

ਹੈ, ਜੋ ਆਰਥਿਕ ਔਖੀਆਂ ਘੜੀਆਂ ਨੇ, ਅਤੇ ਕਮਜ਼ੋਰ ਅਤੇ ਸਭ ਤੋਂ ਬੇਸਹਾਰਾਂ ਨੂੰ ਰਾਜਨੀਤਿਕ, ਆਰਥਿਕ, ਅਤੇ ਸਮਾਜਿਕ ਢਾਂਚੇ ਦੀ ਸੁਰੱਖਿਆ ਦੇਣ ਵਿੱਚ ਅਸਫਲਤਾ ਨੇ, ਅਨ੍ਹੇਰੇ ਵਿੱਚ ਚਮਕਣ ਲਈ ਇੱਕ ਚਾਨਣ ਦੀ ਵਿਸ਼ਵ ਵਿਆਪੀ ਲੋੜ ਨੂੰ ਸਾਹਮਣੇ ਲਿਆਂਦਾ ਹੈ। ਤਾਰਾ ਜਿਹੜਾ ਪੂਰਬ ਵਿੱਚ ਚਮਕਿਆ ਸੀ, ਮਿਡਲ ਈਸਟ ਦੇ ਵਿੱਚ, ਦੋ ਹਜ਼ਾਰ ਸਾਲ ਪਹਿਲਾਂ ਅੱਜ ਵੀ ਸਾਨੂੰ ਚਰਨੀ ਵੱਲ ਸੱਦਦਾ ਹੈ, ਜਿੱਥੇ ਕਿ ਮਸੀਹ ਪੈਦਾ ਹੋਇਆ ਹੈ। ਇਹ ਸਾਨੂੰ ਉਸ ਵੱਲ ਖਿੱਚਦਾ ਹੈ ਜਿੱਥੇ ਕਿ ਪਰਮੇਸ਼ੁਰ ਦਾ ਆਤਮਾ ਜੀਉਂਦਾ ਅਤੇ ਕਿਰਿਆਸ਼ੀਲ ਹੈ, ਸਾਡੇ ਬਪਤਿਸਮੇ ਦੀ ਅਸਲੀਅਤ ਵਿੱਚ, ਅਤੇ ਸਾਡੇ ਦਿਲਾਂ ਦੇ ਬਦਲਾਅ ਵੱਲ।

ਮੁਕਤੀਦਾਤੇ ਨਾਲ ਮੁਲਾਕਾਤ ਕਰਨ ਅਤੇ ਇਕੱਠੇ ਉਸ ਦੀ ਅਰਾਧਨਾ ਕਰਨ ਤੇ, ਮਜੂਸੀ ਇੱਕ ਵੱਖਰੇ ਰਾਹ ਤੋਂ ਆਪਣੇ ਦੇਸ ਵੱਲ, ਸੁਫਨੇ ਦੇ ਵਿੱਚ ਇੱਕ ਚੇਤਾਵਨੀ ਪਾ ਕੇ ਵਾਪਸ ਮੁੜ ਗਏ ਸਨ। ਇਸੇ ਤਰ੍ਹਾਂ ਹੀ, ਸੰਗਤੀ ਜਿਹੜੀ ਕਿ ਅਸੀਂ ਸਾਡੀ ਪ੍ਰਾਰਥਨਾ ਵਿੱਚ ਸਾਂਝ ਰੱਖਦੇ ਹਾਂ ਉਹ ਸਾਡੇ ਜੀਵਨਾਂ, ਸਾਡੀਆਂ ਕਲੀਸਿਯਾਵਾਂ ਅਤੇ ਸਾਡੇ ਸੰਸਾਰ ਨੂੰ ਨਵੇਂ ਰਾਹਾਂ ਵੱਲ ਪ੍ਰੇਰਿਤ ਕਰਨੀ ਚਾਹੀਦੀ ਹੈ। ਨਵੇਂ ਰਾਹਾਂ ਤੇ ਯਾਤਰਾ ਕਰਨਾ ਸਾਡੇ ਨਿੱਜੀ ਜੀਵਨਾਂ ਵਿੱਚ, ਸਾਡੀਆਂ ਕਲੀਸਿਯਾਵਾਂ ਵਿੱਚ ਅਤੇ ਸਾਡੇ ਸਮਾਜਾਂ ਵਿੱਚ, ਤੋਬਾ ਕਰਨ ਅਤੇ ਨਵੀਨੀਕਰਣ ਦਾ ਇੱਕ ਸੱਦਾ ਹੈ। ਮਸੀਹ ਦੇ ਪਿੱਛੇ ਚੱਲਣਾ ਸਾਡਾ ਨਵਾਂ ਰਾਹ ਹੈ, ਅਤੇ ਅਸਥਿਰ ਅਤੇ ਬਦਲਦੇ ਸੰਸਾਰ ਵਿੱਚ ਮਸੀਹੀਆਂ ਨੂੰ ਤਾਰਮੰਡਲ ਅਤੇ ਚਮਕਦੇ ਗ੍ਰਹਿਾਂ ਦੇ ਵਾਂਙ ਹੀ ਪੱਕੇ ਅਤੇ ਦ੍ਰਿੜ ਰਹਿਣਾ ਚਾਹੀਦਾ ਹੈ। ਪਰ ਅਭਿਆਸ ਦੇ ਵਿੱਚ ਇਸ ਦਾ ਕੀ ਅਰਥ ਹੈ? ਅੱਜ ਇੰਜੀਲੀ ਸੇਵਾ ਕਰਨ ਲਈ ਮਨੁੱਖੀ ਸਨਮਾਨ ਦੀ ਸੁਰੱਖਿਆ ਲਈ ਇੱਕ ਸਮਰਪਣ ਦੀ ਮੰਗ ਹੁੰਦੀ ਹੈ, ਖਾਸ ਕਰਕੇ ਸਭ ਤੋਂ ਗਰੀਬ, ਕਮਜ਼ੋਰ ਅਤੇ ਹਾਸ਼ੀਏ ਤੋਂ ਬਾਹਰ ਰੱਖੇ ਹੋਏ ਲੋਕਾਂ ਦੀ। ਇਹ ਦੇ ਲਈ ਕਲੀਸਿਯਾ ਦੀ ਪਾਰਦਰਕਸ਼ਤਾ ਅਤੇ ਸੰਸਾਰ ਨਾਲ, ਅਤੇ ਇੱਕ ਦੂਜੇ ਨਾਲ ਹੱਲ ਕਰਨ ਵਿੱਚ ਜਵਾਬਦੇਹੀ ਦੀ ਮੰਗ ਕਰਦਾ ਹੈ। ਇਸ ਦਾ ਅਰਥ ਹੈ ਕਿ ਕਲੀਸਿਯਾਵਾਂ ਨੂੰ ਕਸ਼ਟ ਵਿੱਚ ਪਏ ਹੋਇਆਂ ਲਈ ਰਾਹਤ ਪ੍ਰਦਾਨ ਕਰਨ, ਭਟਕਿਆਂ ਦਾ ਸੁਆਗਤ ਕਰਨ, ਬੋਝ ਨਾਲ ਦੱਬੇ ਹੋਇਆਂ ਨੂੰ ਰਾਹਤ ਦੇਣ, ਅਤੇ ਇੱਕ ਧਰਮੀ ਅਤੇ ਇਮਾਨਦਾਰ ਸਮਾਜ ਦਾ ਨਿਰਮਾਣ ਕਰਨ ਵਿੱਚ ਸਹਿਯੋਗ ਦੇਣ ਦੀ ਲੋੜ ਹੈ। ਇਹ ਕਲੀਸਿਯਾ ਦੇ ਲਈ ਇਕੱਠੇ ਕੰਮ ਕਰਨ ਦਾ ਸੱਦਾ ਹੈ ਤਾਂ ਜਿਸ ਵਿੱਚ ਸਾਰੇ ਮਨੁੱਖੀ ਪ੍ਰਾਣੀ ਜੀਵਨ, ਸ਼ਾਂਤੀ, ਨਿਆਂ ਅਤੇ ਪਿਆਰ ਦਾ ਅਨੁਭਵ ਕਰ ਸਕਣ। ਕਲੀਸਿਯਾਵਾਂ ਵਿਚਕਾਰ ਨਵਾਂ ਰਾਹ ਪਰਤੱਖ ਏਕਤਾ ਦਾ ਰਾਹ ਹੈ ਜੋ ਕਿ ਅਸੀਂ ਦਲੇਰੀ ਅਤੇ ਹਿੰਮਤ ਨਾਲ ਅਸੀਂ ਖੋਜਦੇ ਹਾਂ, ਤਾਂ ਜੋ ਦਿਨ-ਬ-ਦਿਨ “ਪਰਮੇਸ਼ੁਰ ਸਭਨਾਂ ਦੇ ਵਿੱਚ ਹੋਵੇ” (1 ਕੁਰਿੰਥੀਆਂ 15:28)।

# ਮਸੀਹੀ ਏਕਤਾ ਦੇ ਪ੍ਰਾਰਥਨਾ ਦੇ ਹਫਤੇ 2022 ਲਈ ਸਮੱਗਰੀ ਦੀ ਤਿਆਰੀ

---

ਅੰਤਰਰਾਸ਼ਟਰੀ ਸਮੂਹ ਜਿਹੜਾ ਕਿ ਪੋਂਟੀਫੀਕਲ ਕੌਂਸਿਲ ਦੁਆਰਾ ਅਤੇ ਫੇਥ ਏਂਡ ਆਰਡਰ ਕਮੀਸ਼ਨ ਆਫ ਦਾ ਵਰਲਡ ਕੌਂਸਿਲ ਆਫ ਚਰਚਸ ਦੁਆਰਾ ਇਕੱਠੇ ਮਸੀਹੀ ਏਕਤਾ ਨੂੰ ਉਨੱਤ ਕਰਨ ਲਈ ਨਿਯੁਕਤ ਕੀਤਾ ਗਿਆ ਉਹ ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਹਫ਼ਤੇ ਵਾਸਤੇ ਮੂਲਪਾਠ ਤਿਆਰ ਕਰਨ ਲਈ ਇਸ ਵਰਤਮਾਨ ਮਹਾਂਮਾਰੀ ਦੇ ਕਾਰਨ ਆਹਮਣੇ-ਸਾਹਮਣੇ ਮਿਲਣ ਵਿੱਚ ਅਯੋਗ ਰਹੇ ਸਨ, ਅਤੇ ਇਸ ਲਈ ਇਨ੍ਹਾਂ ਮੂਲਪਾਠ ਤੇ ਇਕਾਂਤ ਵਿੱਚ ਹੀ ਕੰਮ ਕਰਨਾ ਪਿਆ ਸੀ।

PCPCU ਨੇ ਬੇਰੂਟ, ਲੇਬਨੋਨ ਵਿੱਚ ਮਿਡਲ ਈਸਟ ਕੌਂਸਿਲ ਆਫ ਚਰਚਸ ਨੂੰ ਪ੍ਰਾਰਥਨਾ ਦੇ ਹਫਤੇ 2022 ਲਈ ਵਿਸ਼ਾ ਚੁਣਨ ਅਤੇ ਮੂਲਪਾਠ ਤਿਆਰ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਸੀ। ਉਨ੍ਹਾਂ ਨੇ ਇਹ ਵਿਸ਼ਾ ਚੁਣਿਆ, "ਅਸਾਂ ਚੜ੍ਹਦੇ ਪਾਸੇ ਉਸ ਦਾ ਤਾਰਾ ਡਿੱਠਾ ਅਤੇ ਉਹ ਨੂੰ ਮੱਥਾ ਟੇਕਣ ਆਏ ਹਾਂ" (ਮੱਤੀ 2:2)। ਇਸ ਤੋਂ ਵੀ ਵੱਧ ਕੇ, ਇਨ੍ਹਾਂ ਮੁਸ਼ਕਿਲ ਸਮਿਆਂ ਦੇ ਵਿੱਚ, ਸਾਨੂੰ ਇੱਕ ਚਾਨਣ ਦੀ ਲੋੜ ਹੈ ਜਿਹੜਾ ਅਨ੍ਹੇਰੇ ਵਿੱਚ ਚਮਕਦਾ ਹੈ ਅਤੇ ਉਹ ਚਾਨਣ, ਜਿਸ ਦੀ ਮਸੀਹੀ ਘੋਸ਼ਣਾ ਕਰਦੇ ਹਨ, ਉਹ ਯਿਸੂ ਮਸੀਹ ਵਿੱਚ ਪਰਗਟ ਕੀਤਾ ਗਿਆ ਹੈ।

ਇੱਕ ਅਜਿਹੇ ਸੰਸਾਰ ਦੇ ਖੇਤਰ ਵਿੱਚ ਜਿੱਥੇ ਕਿ ਮਨੁੱਖੀ ਅਧਿਕਾਰ ਆਦਤਨ ਹੀ ਅਨਿਆਈਂ ਰਾਜਨੀਤਿਕ ਅਤੇ ਆਰਥਿਕ ਦਿਲਚਸਪੀਆਂ ਦੇ ਕਾਰਨ ਕੁਚਲੇ ਜਾਂਦੇ ਹਨ, ਇੱਥੇ ਨਵੇਕਲੀ ਅੰਤਰਰਾਸ਼ਟਰੀ ਸਿਹਤ ਸਮੱਸਿਆ ਦੇ ਸਾਹਮਣੇ ਅਤੇ ਇਸ ਮਨੁੱਖੀ ਅਤੇ ਭੌਤਿਕ ਗੰਭੀਰ ਧਮਾਕੇ ਦੇ ਨਤੀਜਿਆਂ ਨੂੰ ਸਹਿੰਦੇ ਜਿਸ ਨੇ ਅਗਸਤ 4, 2020 ਵਿੱਚ ਬੇਰੂਟ ਨੂੰ ਬਰਬਾਦ ਕਰ ਦਿੱਤਾ, ਸਥਾਨਕ ਕਲੀਸਯਾ ਸਮੂਹਾਂ ਨੇ ਫਿਰ ਵੀ ਆਨਲਾਇਨ ਮੀਟਿੰਗਾਂ ਵਿੱਚ ਭਾਗ ਲੈ ਕੇ ਇਸ ਤੇ ਕੰਮ ਕਰਨ ਦੇ ਦੁਆਰਾ ਆਪਣੀ ਹਰ ਕੋਸ਼ਿਸ਼ ਦੇ ਨਤੀਜੇ ਨੂੰ ਇੱਥੇ ਪੇਸ਼ ਕੀਤਾ। ਅਸੀਂ ਪੂਰੇ ਦਿਲ ਤੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ ਅਤੇ ਪ੍ਰਾਰਥਨਾ ਕਰਦੇ ਹਾਂ ਕਿ ਮਿਡਲ ਈਸਟ ਦੇ ਵਿੱਚ ਅਤੇ ਪੂਰੇ ਸੰਸਾਰ ਭਰ ਵਿੱਚ ਵੱਡੀ ਮਸੀਹੀ ਏਕਤਾ ਸਾਡੇ ਸਮੇਂ ਵਿੱਚ ਅਤੇ ਆਉਣ ਵਾਲੇ ਸਾਰੇ ਸਮਿਆਂ ਵਿੱਚ ਸਾਰੇ ਮਨੁੱਖਾਂ ਅਤੇ ਔਰਤਾਂ ਦੇ ਲਈ ਇੱਕ ਜ਼ਿਆਦਾ ਸਨਮਾਨਿਤ, ਯੋਗ ਅਤੇ ਸ਼ਾਂਤਪੂਰਣ ਜੀਵਨ ਵਿੱਚ ਯੋਗਦਾਨ ਪਾਏ।

**ਅੰਤਰਰਾਸ਼ਟਰੀ ਟੀਮ ਦੇ ਵਿੱਚ ਸਾਂਝੀਦਾਰ**

| | |
|---|---|
| Revd Father Martin Browne, OSB | Glenstal Abbey (Ireland) |
| Ms Anne-Noëlle Clément | Unité Chrétienne (France) |
| Revd Anthony Currer | Pontifical Council for Promoting Christian Unity (Vatican) |
| Dr Ani Ghazaryan Drissi | Programme Executive of the Faith and Order Secretariat at the World Council of Churches (Switzerland) |

| | |
|---|---|
| Revd Dr Jochen Wagner | Arbeitsgemeinschaft Christlicher Kirchen in Deutschland (Germany) |
| Dr Hanne Lamparter | German Lutheran Church (Germany) |
| Sr Leticia Candelario Lopez | Verbum Dei Missionary Fraternity (Singapore) |
| Revd Dr Odair Pedroso Mateus | Director of Faith and Order - WCC (Switzerland) |
| Revd Father James Puglisi, SA | Friar of the Atonement, Centro Pro Unione (Italy/USA) |
| Revd Dr Mikie Roberts | Programme Executive for Spiritual Life – WCC (Switzerland) |
| Dr Clare Watkins | University of Roehampton (England) |

### ਮਿਡਲ ਈਸਟ ਕੌਂਸਿਲ ਆਫ ਚਰਚਸ ਤੋਂ ਸਾਂਝੀਦਾਰ

| | |
|---|---|
| Revd Father Dr Boulos Wehbe | Greek Orthodox Church of Antioch (Lebanon) |
| Revd Dr Rima Nasrallah | Evangelical National Church (Lebanon) |
| Revd Father Dr Roger Akhrass | Syriac Orthodox Church of Antioch (Syria) |
| Dr John Daniel | Evangelical Synod of the Nile (Egypt) |
| Sr Emily Tannous | Maronite Church (Lebanon) |
| Revd Father Gabriel Hachem | Greek Melkite Catholic Churche of Antioch (Lebanon) |

# ਕਲੀਸਿਯਾਈ ਅਰਾਧਨਾ ਸਭਾ

---

## ਅਰਾਧਨਾ ਲਈ ਤਿਆਰੀ ਕਰਨ ਵਾਲਿਆਂ ਲਈ ਨਿਰਦੇਸ਼

ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਇਸ ਹਫਤੇ ਦੇ ਦੌਰਾਨ, ਵੱਖ-ਵੱਖ ਰਵਾਇਤਾਂ ਅਤੇ ਪਿਛੋਕੜਾਂ ਤੋਂ ਮਸੀਹੀ ਪੂਰੇ ਸੰਸਾਰ ਭਰ ਦੇ ਵਿੱਚ ਕਲੀਸਿਯਾ ਦੀ ਏਕਤਾ ਵਾਸਤੇ ਪ੍ਰਾਰਥਨਾ ਕਰਨ ਲਈ ਇਕੱਠੇ ਹੋਣਗੇ। ਇਸ ਸਾਲ ਦੀ ਸਮੱਗਰੀ ਅਤੇ ਅਰਾਧਨਾ ਸਭਨਾ ਮਿਡਲ ਈਸਟ ਕੌਂਸਿਲ ਆਫ ਚਰਚਸ ਦੁਆਰਾ ਤਿਆਰ ਕੀਤੀ ਗਈ ਹੈ। ਆਇਤ ਵਿੱਚ ਹਵਾਲੇ ਦੀ ਚੋਣ ਅਤੇ ਪ੍ਰਾਰਥਨਾ ਵਿਧੀ ਲਈ ਮੂਲਪਾਠ ਮਜੂਸੀਆਂ ਦੇ ਨਵ ਜੰਮੇ ਰਾਜੇ ਨੂੰ ਵੇਖਣ ਲਈ ਆਉਣ ਦੀ ਮੁਲਾਕਾਤ ਤੋਂ ਪ੍ਰੇਰਿਤ ਹੈ, ਜਿਸ ਦਾ ਵਰਣਨ ਮੱਤੀ 2:1-12 ਦੇ ਵਿੱਚ ਦਿੱਤਾ ਗਿਆ ਹੈ: *"ਅਸਾਂ ਚੜ੍ਹਦੇ ਪਾਸੇ ਉਸ ਦਾ ਤਾਰਾ ਡਿੱਠਾ ਅਤੇ ਉਹ ਨੂੰ ਮੱਥਾ ਟੇਕਣ ਆਏ ਹਾਂ"* (ਮੱਤੀ 2:2)।

ਕੁਝ ਪ੍ਰਸਤਾਵਿਤ ਸੰਗੀਤ ਵੀ ਜਮੀਮਾ ਵਿੱਚ ਸ਼ਾਮਲ ਕੀਤਾ ਗਿਆ ਹੈ। ਜੇਕਰ ਮਿਡਲ ਈਸਟ ਤੋਂ ਮਸੀਹੀ ਵੀ ਕਲੀਸਿਯਾ ਦੇ ਵਿੱਚ ਮੌਜੂਦ ਹਨ, ਤਾਂ ਇਹ ਯੋਗ ਹੋਵੇਗਾ ਕਿ ਉਨ੍ਹਾਂ ਨੂੰ ਇਨ੍ਹਾਂ ਭਜਨਾਂ ਅਤੇ ਗੀਤਾਂ ਦੇ ਵਿੱਚ ਉਨ੍ਹਾਂ ਦੀ ਆਪਣੀ ਭਾਸ਼ਾ ਵਿੱਚ ਗਾਉਣ ਵਿੱਚ ਅਗਵਾਈ ਕਰਨ ਲਈ ਸੱਦਾ ਦਿੱਤਾ ਜਾਵੇ। ਕਿਉਂਜੋ ਹਾਲ ਹੀ ਦੇ ਸਾਲਾਂ ਵਿੱਚ ਅਰਾਧਨਾ ਲਈ ਡਿਜੀਟਲ ਸ੍ਰੋਤਾਂ ਦੀ ਵਰਤੋਂ ਵਧੀ ਹੈ, ਇਸੇ ਹੀ ਸੰਗੀਤ ਦੇ ਆਨਲਾਇਨ ਵੀਡਿਓ ਰਿਕਾਂਡਿੰਗ ਲਿੰਕ ਵੀ ਜਮੀਮਾ ਵਿੱਚ ਸ਼ਾਮਲ ਕੀਤੇ ਗਏ ਹਨ। ਤੁਹਾਡੇ ਸਥਾਨਕ ਪਰਸੰਗ ਦੇ ਉੱਤੇ ਨਿਰਭਰ ਹੁੰਦੇ ਹੋਏ, ਢੁੱਕਵੇਂ ਭਜਨ ਅਤੇ ਗੀਤ ਜਿਹੜੇ ਕਿ ਇਸ ਸਾਲ ਦੇ ਵਿਸ਼ੇ ਨੂੰ ਪਰਮੁੱਖਤਾ ਦਿੰਦੇ ਹਨ ਉਹ ਵੀ ਸ਼ਾਮਲ ਕੀਤੇ ਜਾ ਸਕਦੇ ਹਨ।

ਇਸ ਸਭਾ ਦੇ ਲਈ ਜਿਸ ਦਾ ਸਿਰਲੇਖ ਹੈ *"ਮਸੀਹ ਦੇ ਚਾਨਣ ਨੂੰ ਵੰਡਣਾ"* ਕਈ ਚੀਜਾਂ ਦੀ ਤਿਆਰੀ ਕੀਤੀ ਜਾਣੀ ਚਾਹੀਦੀ ਹੈ। ਸਭ ਤੋਂ ਪਹਿਲਾਂ, ਇੱਕ ਗੂੜ੍ਹੇ ਨੀਲੇ ਰੰਗ ਦੇ ਕੱਪੜੇ ਦਾ ਟੁੱਕੜਾ ਰਾਤ ਦੇ ਅਕਾਸ਼ ਨੂੰ ਵਿਖਾਉਣ ਲਈ ਟੰਗਿਆ ਜਾਣਾ ਚਾਹੀਦਾ ਹੈ। ਦੂਜਾ, ਇੱਕ ਵੱਡਾ ਤਾਰਾ ਚਾਹੀਦਾ ਹੈ ਜਿਹੜਾ ਕਿ ਕੱਪੜੇ ਦੇ ਉੱਤੇ ਹੀ ਟੰਗਿਆ ਜਾਵੇਗਾ। ਤੀਜਾ, ਛੋਟੇ ਕਾਗਜ ਵਾਲੇ ਤਾਰੇ ਜਿਹੜੇ ਕਿ ਅਰਾਧਕਾਂ ਲਈ ਹਨ। ਪਰਸੰਗ ਦੇ ਉੱਤੇ ਨਿਰਭਰ ਹੁੰਦੇ ਹੋਏ, ਉਹ ਸਾਰੇ ਜਿਹੜੇ ਮੌਜੂਦ ਹਨ ਉਹ ਤਾਰੇ ਨੂੰ ਲੈਣ ਅਤੇ *"ਅਕਾਸ਼"* ਉੱਤੇ ਟੰਗਣ ਲਈ ਸੱਦੇ ਜਾ ਸਕਦੇ ਹਨ, ਜੋ ਸਵਰਗੀ ਰਾਜੇ ਲਈ ਇੱਕ ਭੇਂਟ ਹੋਵੇਗੀ। ਵਿਕਲਪਿਕ ਤੌਰ ਤੇ, ਨੁਮਾਇੰਦੇ ਵੱਖ-ਵੱਖ ਸਮੂਹਾਂ ਅਤੇ ਅਰਾਧਨਾ ਵਿੱਚ ਭਾਗ ਲੈਣ ਵਾਲੀਆਂ ਸੰਗਤੀਆਂ ਦੇ ਬਦਲੇ ਲਈ ਚੁਣੇ ਜਾ ਸਕਦੇ ਹਨ।

ਇੱਕ ਪਾਠਕ ਨੂੰ ਦਿੱਤਾ ਗਿਆ ਸਭਾ ਦਾ ਪੜ੍ਹਿਆ ਜਾਣ ਵਾਲਾ ਹਿੱਸਾ ਕਈ ਵੱਖ-ਵੱਖ *ਪਾਠਕਾਂ* ਨੂੰ ਦਿੱਤਾ ਜਾ ਸਕਦਾ ਹੈ। ਇਸੇ ਤਰ੍ਹਾਂ ਹੀ, ਆਗੂ ਦੇ ਸਪੁਰਦ ਕੀਤਾ ਗਿਆ ਮੂਲਪਾਠ ਅਰਾਧਨਾ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਰਵਾਇਤੀ ਅਤੇ ਸੰਗਤੀ ਦੇ ਪਾਦਰੀਆਂ ਜਾਂ ਆਗੂਆਂ ਵਿਚਕਾਰ ਵੰਡਿਆ ਜਾ ਸਕਦਾ ਹੈ। ਇਹ ਆਗੂ ਇਕੱਠੇ *ਭੇਜਣ* ਅਤੇ *ਬਰਕਤ* ਦੀ ਘੋਸ਼ਣਾ ਕਰ ਸਕਦੇ ਹਨ।

# ਅਰਾਧਨਾ ਦਾ ਕ੍ਰਮ

**L** ਆਗੂ (ਲੀਡਰ)
**R** ਪਾਠਕ (ਰੀਡਰ)
**C** ਕਲੀਸਿਯਾ (Congregation)

## ਸ਼ੁਰੂ ਕਰਨਾ

*ਪਾਦਰੀ ਅਤੇ ਹੋਰ ਭਾਗ ਲੈਣ ਵਾਲੇ ਜਲੂਸ ਜਾਂ ਸਮੂਹ ਦੇ ਵਿੱਚ ਦਾਖਲ ਹੁੰਦੇ ਹਨ ਅਤੇ ਸ਼ੁਰੂ ਦਾ ਗੀਤ ਗਾਇਆ ਜਾ ਵਜਾਇਆ ਜਾਂਦਾ ਹੈ।*[1]

## ਅਰਾਧਨਾ ਲਈ ਸੱਦਾ

ਆਗ ਪਿਤਾ ਦੇ, ਪੁੱਤਰ ਦੇ, ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ
**ਕਲੀਸਿਯਾ ਆਮੀਨ।**

**ਆਗੂ** ਭਰਾਵੋ ਅਤੇ ਭੈਣੋ, ਅਸੀਂ ਸੰਸਾਰ ਦੇ ਚਾਰਾਂ ਕੋਨਿਆਂ ਤੋਂ ਸਾਥੀ ਵਿਸ਼ਵਾਸੀਆਂ ਦੇ ਨਾਲ ਅੱਜ ਕਲੀਸਿਯਾ ਦੀ ਪਰਤੱਖ ਏਕਤਾ ਲਈ ਪ੍ਰਾਰਥਨਾ ਕਰਨ ਵਾਸਤੇ ਇਕੱਠੇ ਹੋਏ ਹਾਂ। ਅਸੀਂ ਮਿਡਲ ਈਸਟ ਕੌਂਸਿਲ ਆਫ ਚਰਚਸ ਦੁਆਰਾ ਤਿਆਰ ਕੀਤੇ ਗਏ ਅਰਾਧਨਾ ਸ੍ਰੋਤਾਂ ਨਾਲ ਇਹ ਕਰਦੇ ਹਾਂ। ਸਾਡੇ ਮੂਲਪਾਠ ਮਜੂਸੀਆਂ ਦੇ ਨਵ ਜੰਮੇ ਰਾਜੇ ਨੂੰ ਵੇਖਣ ਲਈ ਆਉਣ ਦੀ ਮੁਲਾਕਾਤ ਤੋਂ ਪ੍ਰੇਰਿਤ ਹੈ, ਜਿਸ ਦਾ ਵਰਣਨ ਸੰਤ ਮੱਤੀ ਦੀ ਇੰਜੀਲ ਵਿੱਚ ਕੀਤਾ ਗਿਆ ਹੈ: *"ਅਸਾਂ ਚੜ੍ਹਦੇ ਪਾਸੇ ਉਸ ਦਾ ਤਾਰਾ ਡਿੱਠਾ ਅਤੇ ਉਹ ਨੂੰ ਮੱਥਾ ਟੇਕਣ ਆਏ ਹਾਂ।"* ਆਓ ਅਸੀਂ ਆਪਣੀਆਂ ਅੱਖਾਂ ਤਾਰੇ ਵੱਲ ਲਗਾਈਏ ਜਿਹੜਾ ਚੜ੍ਹਦੇ ਪਾਸੇ ਵੇਖਿਆ ਗਿਆ ਸੀ ਅਤੇ ਸਾਡੀ ਵੀ ਅਗਵਾਈ ਕਰਨ ਦੀ ਇਜਾਜ਼ਤ ਇਸ ਨੂੰ ਦੇਈਏ।

ਆਓ ਅਸੀਂ ਧੰਨਵਾਦ ਅਤੇ ਅਨੰਦ ਨਾਲ ਪਰਮੇਸ਼ੁਰ ਦੀ ਹਜ਼ੂਰੀ ਵਿੱਚ, ਸਾਰੇ ਬਿਮਾਰਾਂ, ਦੁੱਖਾਂ ਵਿੱਚ ਪਏ ਹੋਇਆਂ, ਹਾਸ਼ੀਏ ਤੋਂ ਬਾਹਰ, ਸ਼ਰਨਾਰਥੀਆਂ, ਅਤੇ ਸਮਾਜ ਵਿੱਚ ਕੱਢੇ ਹੋਇਆਂ ਨੂੰ ਉਸ ਦੇ ਅੱਗੇ ਲਿਆਉਂਦੇ ਹੋਏ ਆਈਏ, ਇਹ ਜਾਣਦੇ ਹੋਏ ਕਿ ਪਰਮੇਸ਼ੁਰ ਆਪਣੇ ਚਾਨਣ ਨਾਲ ਸਾਡੇ ਅਨ੍ਹੇਰੇ ਨੂੰ ਦੂਰ ਕਰ ਸਕਦਾ ਹੈ। ਜਦੋਂ ਅਸੀਂ ਕਲੀਸਿਯਾ ਦੀ ਏਕਤਾ ਲਈ ਪ੍ਰਾਰਥਨਾ ਕਰਦੇ ਹਾਂ, ਤਾਂ ਸਾਡੇ ਸਮਾਜ ਵੀ ਉਹ ਚਾਨਣ ਬਣਨ ਜਿਹੜੇ ਕਿ ਹੋਰਨਾਂ ਨੂੰ ਯਿਸੂ ਮੁਕਤੀਦਾਤੇ ਵੱਲ ਲਿਆਉਂਦੇ ਹਨ।

**ਆਗੂ** ਸਰਬਸ਼ਕਤੀਮਾਨ ਪਿਤਾ ਤੇਰੀ ਵਡਿਆਈ ਹੋਵੇ, ਕਿਉਂਜੋ ਤੁਸੀਂ ਖੁਦ ਨੂੰ ਆਪਣੀ ਸਰਿਸ਼ਟੀ ਦੁਆਰਾ ਪਰਗਟ ਕੀਤਾ ਅਤੇ ਸਾਰੇ ਲੋਕਾਂ ਨੂੰ ਆਪਣੀ ਹਜ਼ੂਰੀ ਵਿੱਚ ਖੜੇ ਹੋਣ ਦਾ ਸੱਦਾ ਦਿੱਤਾ ਹੈ। ਅਸੀਂ ਸਾਡੇ ਜੀਵਨਾਂ ਵਿੱਚ ਯਿਸੂ ਦੇ ਤਾਰੇ ਨੂੰ ਵੇਖਿਆ ਹੈ ਅਤੇ ਉਸੇ ਤਰ੍ਹਾਂ ਉਸ ਦੀ ਅਰਾਧਨਾ ਕਰਨ ਆਏ ਹਾਂ ਜਿਵੇਂ ਮਜੂਸੀਆਂ ਨੇ ਕੀਤੀ ਸੀ। ਅਸੀਂ ਆਪਣੇ ਆਪ ਨੂੰ ਅੱਜ ਤੁਹਾਡੇ ਅੱਗੇ ਚੜ੍ਹਾਉਂਦੇ ਹਾਂ ਅਤੇ ਸਾਡੇ ਵਿਚਕਾਰ ਤੁਹਾਡੇ ਪਵਿੱਤਰ ਆਤਮਾ ਦੀ ਹਜ਼ੂਰੀ ਮੰਗਦੇ ਹਾਂ।

**ਕਲੀ..** ਸਾਨੂੰ ਇੱਕ ਕਰੋ ਜਦੋਂ ਅਸੀਂ ਉੱਤਰ ਤੋਂ ਅਤੇ ਦੱਖਣ ਤੋਂ, ਪੂਰਬ ਤੋਂ ਅਤੇ ਪੱਛਮ ਤੋਂ, ਬਜ਼ੁਰਗ ਅਤੇ ਜੁਆਨ, ਆਦਮੀ ਅਤੇ ਔਰਤਾਂ ਤੁਹਾਨੂੰ ਮੱਥਾ ਟੇਕਣ ਲਈ ਆਪਣੀ ਭੇਟ, ਸਾਡੇ ਸਵਰਗੀ ਰਾਜੇ ਨੂੰ ਚੜ੍ਹਾਉਣ ਲਈ ਤੁਹਾਡੇ ਕੋਲ ਆਉਂਦੇ ਹਾਂ। ਆਮੀਨ।

**ਭਜਨ** ਓ ਵਰਸ਼ਿੱਪ ਦਾ ਕਿੰਗ

## ਪ੍ਰਾਰਥਨਾ ਅਤੇ ਇਕਰਾਰ ਦੀ ਪ੍ਰਾਰਥਨਾ

ਅ ਹੇ ਪ੍ਰਭੂ, ਸਵਰਗ ਅਤੇ ਧਰਤੀ ਦੇ ਸਿਰਜਣਹਾਰ, ਅਸੀਂ ਤੈਨੂੰ ਵਡਿਆਈ ਦਿੰਦੇ ਹਾਂ, ਕਿਉਂਜੋ ਤੁਸੀਂ ਅਕਾਸ਼ ਦੇ ਵਿੱਚ ਚਾਨਣ ਨੂੰ ਸਥਾਪਿਤ ਕੀਤਾ ਹੈ। ਤੁਸੀਂ ਅਨ੍ਹੇਰੇ ਤੋਂ ਚਾਨਣ ਨੂੰ ਅੱਡ ਕੀਤਾ ਅਤੇ ਪਵਿੱਤਰ ਸਮਿਆਂ, ਦਿਨਾਂ ਅਤੇ ਸਾਲਾਂ ਦੇ ਲਈ ਚਿੰਨ੍ਹ ਠਹਿਰਾਏ ਹਨ। ਤੁਸੀਂ ਅਕਾਸ਼ ਨੂੰ ਤਾਰਿਆਂ ਦੇ ਨਾਲ ਜੜਿਆ ਹੋਇਆ ਹੈ। ਤੇਰੇ ਕੰਮ ਕਿੰਨੇ ਮਹਾਨ ਹਨ, ਅੰਬਰ ਤੇਰੀ ਮਹਿਮਾ ਨੂੰ ਪਰਗਟ ਕਰਦਾ ਅਤੇ ਆਕਸ਼ਮੰਡਲ ਤੇਰੇ ਹੱਥਾਂ ਦੀ ਦਸਤਕਾਰੀ ਦੀ ਘੋਸ਼ਣਾ ਕਰਦਾ ਹੈ!

**ਕ ਹੇ ਪ੍ਰਭੂ, ਅਸੀਂ ਤੇਰੀ ਵਡਿਆਈ ਕਰਦੇ ਹਾਂ।**

ਅ ਅਸੀਂ ਤੇਰੀ ਵਡਿਆਈ ਕਰਦੇ ਹਾਂ ਕਿਉਂਜੋ ਤੁਸੀਂ ਸਾਨੂੰ ਸਾਡੇ ਵਿਦਰੋਹ ਵਿੱਚ ਤਿਆਗ ਨਹੀਂ ਦਿੱਤਾ ਪਰ ਆਪਣੇ ਪਿਆਰੇ ਪੁੱਤਰ ਨੂੰ ਸਾਡੇ ਅਨ੍ਹੇਰੇ ਨੂੰ ਦੂਰ ਕਰਨ ਅਤੇ ਸਾਡਾ ਚਾਨਣ ਅਤੇ ਸਾਡੀ ਮੁਕਤੀ ਹੋਣ ਲਈ ਭੇਜਿਆ। ਉਸ ਦੇ ਵਿੱਚ ਜੀਵਨ ਸੀ, ਅਤੇ ਉਹ ਜੀਵਨ ਸਾਰੀ ਮਨੁੱਖਜਾਤੀ ਦਾ ਚਾਨਣ ਸੀ। ਅਤੇ ਉਹ ਚਾਨਣ ਅਨ੍ਹੇਰੇ ਵਿੱਚ ਚਮਕਦਾ ਹੈ।

**ਕ ਹੇ ਪ੍ਰਭੂ, ਅਸੀਂ ਤੇਰੀ ਉਸਤਤ ਕਰਦੇ ਹਾਂ।**

ਅ ਹੇ ਪ੍ਰਭੂ, ਆਪਣੀ ਪਵਿੱਤਰ ਆਤਮਾ ਦੀ ਸ਼ਕਤੀ ਦੁਆਰਾ ਸਾਡੇ ਜੀਵਨ ਦੀ ਗੜਬੜੀ ਵਿੱਚ ਸਾਡੇ ਨਾਲ ਹੋਣ ਲਈ ਅਸੀਂ ਤੁਹਾਡੀ ਅਰਾਧਨਾ ਕਰਦੇ ਹਾਂ। ਤੁਸੀਂ ਸਾਡੇ ਰਾਹ ਨੂੰ ਪਰਕਾਸ਼ਮਾਨ ਕਰਦੇ ਅਤੇ ਸਾਨੂੰ ਝੂਠ ਅਤੇ ਸ਼ੱਕ ਦੇ ਇੱਕ ਸੰਸਾਰ ਵਿੱਚ ਵਿਸ਼ਵਾਸ ਅਤੇ ਬੁੱਧ ਦਿੰਦੇ ਹੋ।

**ਕ ਹੇ ਪ੍ਰਭੂ, ਅਸੀਂ ਤੁਹਾਡੀ ਅਰਾਧਨਾ ਕਰਦੇ ਹਾਂ।**

ਅ ਹੇ ਪ੍ਰਭੂ, ਅਸੀਂ ਸੰਸਾਰ ਵਿੱਚ ਸਾਡੇ ਆਲੇ ਦੁਆਲੇ ਦੇ ਇਸ ਸੰਸਾਰ ਵਿੱਚ ਇਸ ਚਾਨਣ ਨੂੰ ਪਰਗਟ ਕਰਨ ਲਈ, ਸਾਡੀਆਂ ਵੱਖ-ਵੱਖ ਕਲੀਸਿਯਾਵਾਂ ਅਤੇ ਵੱਖ-ਵੱਖ ਸੱਭਿਆਚਾਰਾਂ ਦੇ ਵਿੱਚ ਯਿਸੂ, ਜਿਹੜਾ ਸੱਚਾ ਰਾਜਾ ਹੈ, ਜਿਸ ਨੇ ਖੁਦ ਨੂੰ ਸਾਡੇ ਲਈ ਦੇ ਦਿੱਤਾ, ਵਾਸਤੇ ਗਵਾਹ ਹੋਣ ਲਈ ਸਾਨੂੰ ਭੇਜਣ ਵਾਸਤੇ, ਤੇਰਾ ਧੰਨਵਾਦ ਕਰਦੇ ਹਾਂ।

**ਕ ਹੇ ਪ੍ਰਭੂ, ਅਸੀਂ ਤੇਰਾ ਧੰਨਵਾਦ ਕਰਦੇ ਹਾਂ।**

ਅ ਸਾਰੇ ਲੋਕ ਤੇਰੇ ਅੱਗੇ ਸਿਰ ਨਿਵਾਉਣ ਅਤੇ ਤੇਰੀ ਅਰਾਧਨਾ ਕਰਨ। ਅਸੀਂ ਅਕਸਰ ਅਨ੍ਹੇਰੇ ਨੂੰ ਪਸੰਦ ਕੀਤਾ ਹੈ, ਪਰ ਤੁਸੀਂ ਸਾਨੂੰ ਚਾਨਣ ਦਿੱਤਾ ਹੈ। ਇਸ ਲਈ, ਅਸੀਂ ਸਾਡੇ ਪਾਪਾਂ ਦਾ ਇਕਰਾਰ ਕਰਦੇ ਤੇਰੇ ਸਾਹਮਣੇ ਆਉਂਦੇ ਅਤੇ ਆਖਦੇ ਹਾਂ:

**ਕ ਅਸੀਂ ਤੁਹਾਡੇ ਅੱਗੇ ਇਕਰਾਰ ਕਰਦੇ ਹਾਂ ਕਿ ਅਸੀਂ ਸਾਡੇ ਰਾਹਾਂ ਤੋਂ ਫਿਰ ਗਏ ਅਤੇ ਤੁਹਾਡਿਆਂ ਹੁਕਮਾਂ ਦੀ ਉਲੰਘਣਾ ਕੀਤੀ। ਅਸੀਂ ਤੁਹਾਡੀ ਚੰਗੀ ਸਰਿਸ਼ਟੀ ਨੂੰ ਵਿਗਾੜਿਆ ਅਤੇ ਇਸ ਦੇ ਸ੍ਰੋਤਾਂ ਨੂੰ ਸਾਡੇ ਉਪਭੋਗਤਾ ਦੇ ਅਭਿਆਸਾਂ ਵਿੱਚ ਖਿੰਡਾ ਦਿੱਤਾ। ਅਸੀਂ ਤੁਹਾਡੀਆਂ ਨਦੀਆਂ ਅਤੇ ਸਮੁੰਦਰਾਂ ਨੂੰ ਗੰਦਾ ਕੀਤਾ ਅਤੇ ਤੁਹਾਡੀ ਹਵਾ ਅਤੇ ਜ਼ਮੀਨ ਨੂੰ ਜ਼ਹਿਰਲਾ ਕੀਤਾ ਅਤੇ ਬਹੁਤ ਸਾਰੇ ਨਸਲਾਂ ਦੇ ਲੋਪ ਹੋਣ ਨੂੰ ਕਾਰਨ ਦਿੱਤਾ।**

*(ਚੁੱਪੀ)*

**ਕ ਅਸੀਂ ਸਾਡੇ ਭਰਾਵਾਂ ਅਤੇ ਭੈਣਾਂ ਪ੍ਰਤੀ ਸੁਆਰਥੀ ਵਿਹਾਰ ਕੀਤਾ ਸੀ। ਅਸੀਂ ਸਾਡੀਆਂ ਲੋੜਾਂ ਅਤੇ ਸਾਡੀਆਂ ਇੱਛਾਵਾਂ ਨੂੰ ਨਿਆਂ ਲਈ ਸਾਡੇ ਸਮਰਪਣ ਉੱਤੇ ਜਿੱਤ ਪਾਉਣ ਦੀ ਇਜਾਜ਼ਤ ਦਿੱਤੀ ਹੈ। ਅਸੀਂ ਖੁਦ ਵਿਚਕਾਰ ਕੰਧਾਂ ਖੜੀਆਂ ਕਰ ਲਈਆਂ ਅਤੇ ਹੋਰਨਾਂ ਪ੍ਰਤੀ ਬੇਯਕੀਨੀ ਬੀਜਾਂ ਨੂੰ ਬੀਜਿਆ।**

*(ਚੁੱਪੀ)*

ਕ **ਅਸੀਂ ਜਾਤੀ, ਧਰਮ ਅਤੇ ਲਿੰਗ ਅਧਾਰਿਤ ਲੋਕਾਂ ਨੂੰ ਵੰਡਿਆ ਅਤੇ ਅਸੀਂ ਦਾਅਵਾ ਕੀਤਾ ਕਿ ਯਿਸੂ ਜਿਸ ਪਾਸੇ ਵੀ ਅਸੀਂ ਹੁੰਦੇ ਹਾਂ ਉਹ ਸਾਡੇ ਵਾਲੇ ਪਾਸੇ ਹੀ ਹੈ। ਇਨ੍ਹਾਂ ਸਾਰੇ ਵਿਚਾਰਾਂ ਅਤੇ ਕੰਮਾਂ ਨੂੰ ਮਾਫ ਕਰੋ, ਹੇ ਪ੍ਰਭੂ, ਜਦੋਂ ਅਸੀਂ ਤੋਬਾ ਵਿੱਚ ਤੁਹਾਡੇ ਸਾਹਮਣੇ ਆਉਂਦੇ ਹਾਂ।**

*(ਚੁੱਪੀ)*

ਅ ਸਰਬਸ਼ਕਤੀਮਾਨ ਪਰਮੇਸ਼ੁਰ, ਸਾਡੇ ਪ੍ਰਭੂ ਯਿਸੂ ਮਸੀਹ ਦੇ ਪਿਤਾ, ਜਿਸ ਨੂੰ ਤੁਸਾਂ ਸਾਰੇ ਲੋਕਾਂ ਨੂੰ ਛੁਡਾਉਣ ਲਈ ਸਮਾਂ ਪੂਰਾ ਹੋਣ ਤੇ ਭੇਜਿਆ ਸੀ, ਅਸੀਂ ਮੰਗਦੇ ਹਾਂ ਕਿ ਤੁਸੀਂ ਸਾਡੇ ਉੱਤੇ ਦਯਾ ਕਰੋ, ਸਾਡੇ ਪਾਪਾਂ ਨੂੰ ਮਾਫ ਕਰੋ ਅਤੇ ਸਾਨੂੰ ਉਸ ਦੇ ਸ਼ਾਨਦਾਰ ਸਵਰੂਪ ਵਿੱਚ ਬਦਲ ਦਿਓ ਤਾਂ ਜੋ ਅਸੀਂ ਵੀ ਸਾਡੇ ਦੁੱਖੀ ਸੰਸਾਰ ਵਿੱਚ ਚਾਨਣ ਦੀ ਇੱਕ ਕਿਰਨ ਵਜੋਂ ਚਮਕ ਸਕੀਏ।

*(ਚੁੱਪੀ)*

ਅ ਸਰਬਸ਼ਕਤੀਮਾਨ ਪਰਮੇਸ਼ੁਰ ਸਾਡੀਆਂ ਪ੍ਰਾਰਥਨਾਵਾਂ ਸੁਣਦਾ ਹਾਂ, ਸਾਡੇ ਤੇ ਦਯਾ ਕਰਦਾ ਅਤੇ ਸਾਡੇ ਪਾਪਾਂ ਨੂੰ ਮਾਫ ਕਰਦਾ ਹੈ।

ਕ **ਪਰਮੇਸ਼ੁਰ ਦਾ ਧੰਨਵਾਦ ਹੋਵੇ, ਜਿਸ ਦੀ ਅਸੀਂ ਸਾਰੇ ਆਪਣੀਆਂ ਅਵਾਜ਼ਾਂ ਨਾਲ ਉਸਤਤ ਕਰਦੇ ਹਾਂ।**

**ਗਾਇਣ (ਜਾਪ)** ਪਵਿੱਤਰ ਤ੍ਰਿਏਕਤਾ (Trisagion[1])

ਪਵਿੱਤਰ ਪਰਮੇਸ਼ੁਰ!
ਪਵਿੱਤਰ ਸਰਬਸ਼ਕਤੀਮਾਨ!
ਪਵਿੱਤਰ ਅਵਿਨਾਸ਼ੀ, ਸਾਡੇ ਉੱਤੇ ਦਯਾ ਕਰ!

**ਜ਼ਬੂਰ** 8 *(ਮਿਲ ਕੇ)*

**ਪਾ** ਹੇ ਯਹੋਵਾਹ, ਸਾਡੇ ਪ੍ਰਭੂ, ਸਾਰੀ ਧਰਤੀ ਉੱਤੇ ਤੇਰਾ ਨਾਮ ਕੇਡਾ ਹੀ ਸ਼ਾਨਦਾਰ ਹੈ, ਜਿਹ ਨੇ ਆਪਣੇ ਤੇਜ ਨੂੰ ਅਕਾਸ਼ ਉੱਤੇ ਰੱਖਿਆ ਹੈ!

**ਕ. ਤੈਂ ਆਪਣਿਆਂ ਵਿਰੋਧੀਆਂ ਦੇ ਕਾਰਨ ਨਿਆਣਿਆਂ ਅਤੇ ਦੁੱਧ ਚੁੰਘਣ ਵਾਲਿਆਂ ਦੇ ਮੂੰਹ ਤੋਂ ਬਲ ਨੂੰ ਪੱਕਾ ਕੀਤਾ, ਭਈ ਵੈਰੀ ਅਤੇ ਬਦਲਾ ਲੈਣ ਵਾਲੇ ਨੂੰ ਚੁੱਪ ਕਰਾ ਦੇਵੇਂ।**

**ਪਾ** ਜਦ ਮੈਂ ਤੇਰੇ ਅਕਾਸ਼ ਨੂੰ ਵੇਖਦਾ ਹਾਂ, ਜਿਹੜਾ ਤੇਰੀ ਦਸਤਕਾਰੀ ਹੈ, ਨਾਲੇ ਚੰਦ ਅਰ ਤਾਰਿਆਂ ਨੂੰ ਜਿਹੜੇ ਤੈਂ ਕਾਇਮ ਕੀਤੇ ਹਨ,

**ਕ. ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿੱਚ ਲਿਆਵੇ, ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ?**

ਪਾ. ਤੈਂ ਉਸ ਨੂੰ ਪਰਮੇਸ਼ਰ ਨਾਲੋਂ ਥੋੜਾ ਜਿਹਾ ਘੱਟ ਕੀਤਾ ਹੈ, ਅਤੇ ਮਹਿਮਾ ਅਰ ਆਦਰ ਦਾ ਮੁਕਟ ਉਸ ਦੇ ਸਿਰ ਉੱਤੇ ਰੱਖਿਆ ਹੈ!

**ਕ ਤੈਂ ਆਪਣੀ ਦਸਤਕਾਰੀ ਉੱਤੇ ਉਹ ਨੂੰ ਹਕੂਮਤ ਦਿੱਤੀ, ਤੈਂ ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ ਹੈ,**

**ਪਾ** ਸਾਰੇ ਇੱਜੜ ਅਰ ਵੱਗ, ਸਗੋਂ ਰੜ ਦੇ ਸਾਰੇ ਜਾਨਵਰ, ਅਕਾਸ਼ ਦੇ ਪੰਖੇਰੂ ਅਰ ਸਮੁੰਦਰ ਦੀਆਂ ਮੱਛੀਆਂ, ਅਤੇ ਸੱਭੋ ਕੁਝ ਜੋ ਸਮੁੰਦਰ ਦਿਆਂ ਰਾਹਾਂ ਵਿੱਚ ਫਿਰਦਾ ਹੈ।

**ਕ ਹੇ ਯਹੋਵਾਹ, ਸਾਡੇ ਪ੍ਰਭੂ, ਸਾਰੀ ਧਰਤੀ ਉੱਤੇ ਤੇਰਾ ਨਾਮ ਕੇਡਾ ਹੀ ਸ਼ਾਨਦਾਰ ਹੈ!**

**ਗਾਇਣ (ਜਾਪ)**

Tui Amoris Ignem[2]

**ਪਹਿਲਾਂ, ਪੜ੍ਹਨ ਦਾ ਭਾਗ**

ਯਸਾਯਾਹ 9:2–7

**ਗਾਇਣ**

Song of Light[3] (Saint Ephrem)

**ਦੂਜਾ, ਪੜ੍ਹਨ ਦਾ ਭਾਗ**

ਅਫ਼ਸੀਆਂ 5:8–14

**ਇੰਜੀਲ ਘੋਸ਼ਣਾ**

*(ਗਾਉਣਾ)*

**ਇੰਜੀਲ ਵਿੱਚੋਂ ਪੜ੍ਹਨਾ**

ਮੱਤੀ 2:1–12

**ਪਰਚਾਰ**

*(ਕੁਝ ਪਲ ਸ਼ਾਂਤੀ ਜਾਂ ਭਜਨ)*

**ਨਾਈਸੀਅਨ ਮਤ/ਸਿਧਾਂਤ** *(ਪੂਰਬੀ ਕਲੀਸਿਯਾਵਾਂ ਦੀ ਰਵਾਇਤ ਅਨੁਸਾਰ)*

**ਅਸੀਂ ਇੱਕ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਦੇ ਹਾਂ,**
**ਪਿਤਾ, ਸਰਬਸ਼ਕਤੀਮਾਨ ਵਿੱਚ,**
**ਸਵਰਗ ਅਤੇ ਧਰਤੀ ਦਾ ਸਿਰਜਣਹਾਰ,**
**ਉਸ ਸਭ ਦਾ ਜੋ ਦਿੱਖਦਾ, ਅਤੇ ਅਦਿੱਖ ਹੈ।**
**ਅਸੀਂ ਇੱਕ ਪ੍ਰਭੂ, ਯਿਸੂ ਮਸੀਹ ਵਿੱਚ ਵਿਸ਼ਵਾਸ ਕਰਦੇ ਹਾਂ,**
**ਪਰਮੇਸ਼ੁਰ ਦੇ ਇਕਲੌਤੇ ਪੁੱਤਰ ਵਿੱਚ,**
**ਪਿਤਾ ਤੋਂ ਸਦੀਪਕ ਕਾਲ ਲਈ ਪੈਦਾ ਹੋਇਆ,**
**ਪਰਮੇਸ਼ੁਰ ਤੋਂ ਪਰਮੇਸ਼ੁਰ, ਚਾਨਣ ਤੋਂ ਚਾਨਣ,**
**ਸੱਚੇ ਪਰਮੇਸ਼ੁਰ ਤੋਂ ਸੱਚਾ ਪਰਮੇਸ਼ੁਰ,**

ਪੈਦਾ ਹੋਇਆ, ਰਚਿਆ ਨਹੀਂ ਗਿਆ,
ਪਿਤਾ ਦੇ ਨਾਲ ਇੱਕ ਪ੍ਰਾਣੀ;
ਉਸੇ ਦੁਆਰਾ ਸੱਭੇ ਵਸਤਾਂ ਰਚਿਆਂ ਗਈਆਂ।
ਸਾਡੇ ਲਈ ਅਤੇ ਸਾਡੀ ਮੁਕਤੀ ਲਈ
ਉਹ ਸਵਰਗ ਤੋਂ ਹੇਠਾਂ ਆ ਗਿਆ
ਪਵਿੱਤਰ ਆਤਮਾ ਅਤੇ ਕੁਆਰੀ ਮਰਿਯਮ ਦੁਆਰਾ ਦੇਹਧਾਰੀ
ਹੋਇਆ ਅਤੇ ਸੱਚਾ ਮਨੁੱਖ ਬਣਿਆ।
ਸਾਡੇ ਕਾਰਨ ਉਹ ਪਿਲਾਤੁਸ ਅਧੀਨ ਸਲੀਬ ਚੜ੍ਹਿਆ;
ਉਸ ਨੇ ਮੌਤ ਨੂੰ ਸਹਿਆ ਅਤੇ ਦਫਨਾਇਆ ਗਿਆ।
ਤੀਜੇ ਦਿਨ ਉਹ ਜੀ ਉੱਠਿਆ
ਵਚਨ ਵਿੱਚ ਦਿੱਤੇ ਵਰਣਨ ਅਨੁਸਾਰ;
ਉਹ ਸਵਰਗ ਤੋਂ ਹੇਠਾਂ ਉਤਰਿਆ
ਅਤੇ ਪਿਤਾ ਦੇ ਸੱਜੇ ਹੱਥ ਬੈਠਾ ਹੋਇਆ ਹੈ।
ਉਹ ਜੀਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਮਹਿਮਾ
ਵਿੱਚ ਮੁੜ ਆਵੇਗਾ,
ਅਤੇ ਉਸ ਦੇ ਰਾਜ ਦਾ ਕੋਈ ਅੰਤ ਨਹੀਂ ਹੋਵੇਗਾ।

## ਮਸੀਹ ਦੇ ਚਾਨਣ ਨੂੰ ਵੰਡਣਾ

*ਇੱਕ ਗੂੜ੍ਹੇ ਨੀਲੇ ਰੰਗ ਦੇ ਕੱਪੜੇ ਦਾ ਟੁੱਕੜਾ ਰਾਤ ਦੇ ਅਕਾਸ਼ ਨੂੰ ਵਿਖਾਉਣ ਲਈ ਟੰਗਣਾ ਹੈ, ਜਿਸ ਤੇ ਵੱਡਾ ਤਾਰਾ ਟੰਗਿਆ ਜਾਣਾ ਹੈ। ਕਾਗਜ ਦੇ ਬਣੇ ਤਾਰੇ ਅਰਾਧਕਾਂ ਲਈ ਉਪਲੱਬਧ ਕਰਾਏ ਜਾਣੇ ਹਨ, ਜਿੰਨਾ ਨੂੰ ਅੱਗੇ ਆਉਣ ਲਈ ਸੱਦਾ ਦਿੱਤਾ ਜਾਂਦਾ ਅਤੇ ਉਨ੍ਹਾਂ ਨੇ ਆਪਣੇ ਤਾਰੇ ਕੱਪੜੇ ਤੇ ਟੰਗਣੇ ਹਨ।*

**ਆ** ਇੱਕ ਤਾਰਾ ਮਜੂਸੀਆਂ ਨੂੰ ਮਸੀਹ ਕੋਲ ਲੈ ਕੇ ਆਇਆ ਸੀ। ਅੱਜ ਇਹ ਤਾਰਾ ਮਸੀਹ ਦੀ ਹਜ਼ੂਰੀ ਨੂੰ ਵਿਖਾਉਂਦਾ ਹੈ, ਜਿਹੜਾ ਸਾਡੇ ਲਈ ਪਰਗਟ ਕੀਤਾ ਗਿਆ ਅਤੇ ਜਿਸ ਦਾ ਚਾਨਣ ਸਾਡੇ ਉੱਤੇ ਚਮਕਦਾ ਹੈ। ਜਿਵੇਂ ਮਜੂਸੀ ਬੈਤਲਹਮ ਨੂੰ ਤਾਰੇ ਦੇ ਪਿੱਛੇ ਆਏ ਸਨ, ਅਸੀਂ ਇਸ ਤਾਰੇ ਦੇ ਹੇਠਾਂ ਅੱਜ ਇਕੱਠੇ ਹੁੰਦੇ ਹਾਂ, ਸਾਡੇ ਆਪਣੇ ਤਾਰਿਆਂ ਨੂੰ ਅਕਾਸ਼ ਵਿੱਚ ਜੋੜਦੇ ਹਾਂ, ਸਾਡੇ ਆਪਣੇ ਤੋਹਫਿਆਂ ਅਤੇ ਪ੍ਰਾਰਥਨਾਵਾਂ ਨੂੰ ਮਸੀਹ ਦੀ ਪਰਤੱਖ ਏਕਤਾ ਵਿੱਚ ਮਿਲਾਉਂਦੇ ਹਾਂ। ਜਦੋਂ ਅਸੀਂ ਉਸ ਟੀਚੇ ਵੱਲ ਵੱਧਦੇ ਹਾਂ, ਤਾਂ ਸਾਡੇ ਜੀਵਨ ਇਕੱਠੇ ਇੱਕ ਪਰਕਾਸ਼ਮਾਨ ਗਵਾਹ ਬਣਨ ਜਿਹੜੇ ਹੋਰਨਾਂ ਨੂੰ ਮਸੀਹ ਵੱਲ ਲਿਆਉਣ।

## ਸਿਫਾਰਸ਼ੀ ਪ੍ਰਾਰਥਨਾ

**ਆ** ਵਿਸ਼ਵਾਸ ਅਤੇ ਨਿਹਚਾ ਨਾਲ, ਅਸੀਂ ਪਰਮੇਸ਼ੁਰ, ਪ੍ਰਾਰਥਨਾ ਵਿੱਚ ਆਉਂਦੇ ਹਾਂ,
ਜੋ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਹੈ।

**ਪਾ** ਮਜੂਸੀ ਪੂਰਬ ਤੋਂ ਆਪਣਾ ਨਜ਼ਰਾਨਾ ਅਤੇ ਆਪਣੇ ਸੱਭਿਆਚਾਰਾਂ ਅਤੇ ਦੇਸਾਂ ਤੋਂ ਖਾਸ ਤੋਹਫਿਆਂ ਨੂੰ ਦੇਣ ਲਈ ਆਏ ਸਨ।

ਅਸੀਂ ਪੂਰੇ ਸੰਸਾਰ ਦੇ ਵਿੱਚ ਅਰਾਧਨਾ ਅਤੇ ਰਵਾਇਤ ਵਿੱਚ ਉਨ੍ਹਾਂ ਦੀਆਂ ਸੱਭੇ ਭਿੰਨਤਾਵਾਂ ਦੇ ਨਾਲ ਹੀ ਸਾਰੇ ਮਸੀਹੀ ਸਮਾਜਾਂ ਲਈ ਪ੍ਰਾਰਥਨਾ ਕਰਦੇ ਹਾਂ:

ਪ੍ਰਭੂ ਅਸੀਂ ਮੰਗਦੇ ਹਾਂ ਕਿ ਤੁਸੀਂ ਇਨ੍ਹਾਂ ਖਜਾਨਿਆਂ ਨੂੰ ਸੁਰੱਖਿਅਤ ਰੱਖੋ, ਖਾਸਕਰਕੇ ਸੰਸਾਰ ਦੇ ਉਨ੍ਹਾਂ ਖੇਤਰਾਂ ਵਿੱਚ ਜਿੱਥੇ ਮਸੀਹੀਆਂ ਦਾ ਜੀਉਂਦਿਆਂ ਰਹਿਣਾ ਅਤੇ ਹਜ਼ੂਰੀ ਹਿੰਸਾ ਅਤੇ ਅੱਤਿਆਚਾਰ ਦੇ ਖਤਰੇ ਵਿੱਚ ਹੁੰਦੀ ਹੈ।

**ਕ ਹੇ ਪ੍ਰਭੂ, ਸਾਡੀਆਂ ਪ੍ਰਾਰਥਨਾਵਾਂ ਸੁਣ** *(ਬੋਲਿਆ ਜਾਂ ਗਾਇਆ ਜਾਣਾ)*

**ਪਾ** ਪ੍ਰਭੂ ਦੇ ਜੀਵਨ ਦੇ ਸ਼ੁਰੂਆਤੀ ਸਾਲ ਹਿੰਸਾ ਅਤੇ ਕਤਲੇਆਮ ਜਿਹੜਾ ਹੇਰੋਦੇਸ ਦੇ ਆਦੇਸ਼ ਤੇ ਹੋਇਆ ਸੀ ਨਾਲ ਅੰਕਿਤ ਹਨ।
ਅਸੀਂ ਸੰਸਾਰ ਦੇ ਉਨ੍ਹਾਂ ਖੇਤਰਾਂ ਵਿੱਚ ਰਹਿ ਰਹੇ ਬੱਚਿਆਂ ਲਈ ਪ੍ਰਾਰਥਨਾ ਕਰਦੇ ਹਾਂ ਜਿੱਥੇ ਹਿੰਸਾ ਲਗਾਤਾਰ ਚੱਲ ਰਹੀ ਹੈ ਅਤੇ ਜਿਸ ਦੇ ਨਤੀਜੇ ਨਾਜੁਕ ਹਨ:
ਹੇ ਪ੍ਰਭੂ, ਸਾਡੀਆਂ ਕਲੀਸਿਯਾੜਾਂ ਦੇ ਵਿਚਕਾਰ ਏਕਤਾ ਦੇ ਬੰਧਨ ਨੂੰ ਅਤੇ ਆਪਣੇ ਪਿਆਰ ਨੂੰ ਹੋਰ ਪੱਕਿਆਂ ਕਰ ਅਤੇ ਸਹਿਯੋਗੀ ਹੋਣ ਅਤੇ ਤੇਰੇ ਪਵਿੱਤਰ ਨਾਮ ਦੇ ਗਵਾਹ ਹੋਣ ਵਿੱਚ ਸਾਡੀ ਮਦਦ ਕਰ। ਸਤਾਏ ਹੋਇਆਂ ਦਾ ਬਚਾਅ ਕਰਨ ਅਤੇ ਹਾਸ਼ੀਏ ਤੋਂ ਬਾਹਰ ਲੋਕਾਂ ਨੂੰ ਸ਼ਾਮਲ ਕਰਨ ਵਿੱਚ ਬੇਰੋਕ ਕੰਮ ਲਈ ਸਾਨੂੰ ਪ੍ਰੇਰਿਤ ਕਰ। ਅੱਤਿਆਚਾਰ ਅਤੇ ਜੁਲਮ ਦੇ ਸਾਹਮਣੇ ਵੀ ਸਾਨੂੰ ਇਕੱਠੇ ਖੜੇ ਰਹਿਣ ਲਈ ਉਤਸਾਹਿਤ ਕਰ ਜਦੋਂ ਅਸੀਂ ਸਾਡੇ ਵਿਚਕਾਰ ਤੇਰੇ ਰਾਜ ਨੂੰ ਭਾਲਦੇ ਹਾਂ।

**ਕ ਹੇ, ਪ੍ਰਭੂ, ਸਾਡੀ ਪ੍ਰਾਰਥਨਾ ਸੁਣ।**

**ਪਾ** ਮਜੂਸੀਆਂ ਦੇ ਚਲੇ ਜਾਣ ਤੋਂ ਬਾਅਦ, ਪਵਿੱਤਰ ਪਰਿਵਾਰ ਨੇ ਉਥੋਂ ਕੂਚ ਕੀਤਾ ਅਤੇ ਮਿਸਰ ਦੇਸ ਦੇ ਵਿੱਚ ਸ਼ਰਨਾਰਥੀ ਬਣ ਗਿਆ।
ਅਸੀਂ ਇਸ ਸੰਸਾਰ ਵਿੱਚ ਸਾਰੇ ਸ਼ਰਨਾਰਥੀਆਂ ਅਤੇ ਘਰੋਂ ਬਾਹਰ ਲੋਕਾਂ ਲਈ ਪ੍ਰਾਰਥਨਾ ਕਰਦੇ ਹਾਂ।
ਹੇ ਪ੍ਰਭੂ, ਸਾਨੂੰ ਉਨ੍ਹਾਂ ਨੂੰ ਪਰਹੁਣਚਾਰੀ ਵਿਖਾਉਣ ਲਈ ਤਿਆਰ ਕਰ ਜਿਹੜੇ ਆਪਣੇ ਘਰਾਂ ਤੋਂ ਬਾਹਰ ਹਨ, ਅਤੇ ਉਹ ਜਿਹੜੇ ਇੱਕ ਸੁਰੱਖਿਅਤ ਸਵਰਗ ਦੀ ਭਾਲ ਕਰ ਰਹੇ ਦਾ ਸੁਆਗਤ ਕਰਨ ਦਾ ਆਤਮਾ ਸਾਨੂੰ ਬਖਸ਼ ਦੇਹ।

**ਕ ਹੇ ਪ੍ਰਭੂ, ਸਾਡੀ ਪ੍ਰਾਰਥਨਾ ਸੁਣ**

**ਪਾ** ਯਿਸੂ ਦਾ ਜਨਮ ਸਭਨਾਂ ਦੇ ਲਈ ਖੁਸ਼ਖਬਰੀ ਸੀ, ਸਾਰੇ ਜਿਹੜੇ ਵੱਖ-ਵੱਖ ਦੇਸਾਂ ਅਤੇ ਧਰਮਾਂ ਤੋਂ ਪਵਿੱਤਰ ਬੱਚੇ ਦੀ ਅਰਾਧਨਾ ਕਰਨ ਲਈ ਇਕੱਠੇ ਹੋਏ ਸਨ।
ਅਸੀਂ ਇਕਸਾਰਤਾ ਭਾਲਣ ਅਤੇ ਹੋਰਨਾਂ ਧਰਮਾਂ ਨਾਲ ਗੱਲਬਾਤ ਦੀਆਂ ਸਾਡੀਆਂ ਕੋਸ਼ਿਸ਼ਾਂ ਲਈ ਪ੍ਰਾਰਥਨਾ ਕਰਦੇ ਹਾਂ: ਹੇ ਪ੍ਰਭੂ, ਸਾਨੂੰ ਹੋਰਨਾਂ ਨਾਲ ਉਨ੍ਹਾਂ ਦੀ ਯਾਤਰਾ ਦੇ ਆਦਰ ਵਿੱਚ ਚੱਲਣ ਲਈ ਧੀਰਜ ਅਤੇ ਹਲੀਮਤਾ ਸਾਨੂੰ ਬਖਸ਼।

**ਕ ਹੇ ਪ੍ਰਭੂ, ਸਾਡੀ ਪ੍ਰਾਰਥਨਾ ਸੁਣ**

**ਪਾ** ਮਜੂਸੀ ਇੱਕ ਵੱਖਰੇ ਰਾਹ ਰਾਹੀਂ ਆਪਣੇ ਘਰ ਵਾਪਸ ਪਰਤੇ ਸਨ।
ਅਸੀਂ ਇਸ ਬਦਲਦੇ ਹੋਏ ਸੰਸਾਰ ਵਿੱਚ ਸਾਡੀਆਂ ਕਲੀਸਿਯਾਵਾਂ ਲਈ ਪ੍ਰਾਰਥਨਾ ਕਰਦੇ ਹਾਂ:
ਹੇ ਪ੍ਰਭੂ, ਤੇਰੇ ਪਿੱਛੇ ਚੱਲਣ ਅਤੇ ਤੇਰੇ ਗਵਾਹ ਹੋਣ ਲਈ ਕਿਰਿਆਸ਼ੀਲ ਰਾਹਾਂ ਨੂੰ ਲੱਭਣ ਵਿੱਚ ਸਾਡੀ ਮਦਦ ਕਰ ਤਾਂ ਜੋ ਪੂਰਾ ਸੰਸਾਰ ਵਿਸ਼ਵਾਸ ਕਰ ਸਕੇ।

**ਕ ਹੇ ਪ੍ਰਭੂ, ਸਾਡੀ ਪ੍ਰਾਰਥਨਾ ਸੁਣ**

**ਪਾ** ਜਦੋਂ ਮਜੂਸੀਆਂ ਨੇ ਪਵਿੱਤਰ ਬੱਚੇ ਨੂੰ ਵੇਖਿਆ, ਉਨ੍ਹਾਂ ਨੇ ਵੱਡਾ ਅਨੰਦ ਕੀਤਾ।

ਸਵਰਗੀ ਪਿਤਾ, ਸਾਡੀਆਂ ਅੱਖੀਆਂ ਉਸ ਉੱਤੇ ਟਿਕਾ ਦੇਹ ਤਾਂ ਜੋ ਅਸੀਂ ਸਾਡਾ ਰਾਹ ਨਾਲ ਭੁੱਲੀਏ। ਪ੍ਰਭੂ ਯਿਸੂ ਵਿੱਚ ਸਾਨੂੰ ਇੱਕ ਕਰ, ਜਿਹੜਾ ਰਾਹ, ਸਚਿਆਈ ਅਤੇ ਜੀਉਣ ਹੈ, ਅਤੇ ਜਿਸ ਨੇ ਸਾਨੂੰ ਇਹ ਆਖਦੇ ਹੋਏ ਪ੍ਰਾਰਥਨਾ ਕਰਨਾ ਸਿਖਾਇਆ ਸੀ:

**ਕ ਹੇ ਸਾਡੇ ਬਾਪ...**

**ਭਜਨ**

## ਭੇਜਣਾ ਅਤੇ ਬਰਕਤ

**ਆ** ਹੁਣ ਜਾਓ ਅਤੇ ਚਾਨਣ ਦੇ ਬੱਚਿਆਂ ਵਾਂਙ ਜੀਵਨ ਬਿਤਾਓ।
**ਕ ਕਿਉਂਜੋ ਚਾਨਣ ਦਾ ਫਲ ਉਸ ਸਭ ਵਿੱਚ ਪਾਇਆ ਜਾਂਦਾ ਜੋ ਭਲਾ ਅਤੇ ਸਹੀ ਅਤੇ ਸੱਚਾ ਹੈ।**

**ਆ** ਅਨ੍ਹੇਰੇ ਦੇ ਅਫਲ ਕੰਮਾਂ ਵਿੱਚ ਹਿੱਸਾ ਨਾ ਲਓ।
**ਕ ਆਓ ਅਸੀਂ ਨੀਂਦ ਤੋਂ ਜਾਗੀਏ ਅਤੇ ਮਸੀਹ ਸਾਡੇ ਉੱਤੇ ਚਮਕੇਗਾ।**

**ਆ** ਪੂਰੀ ਕਲੀਸਿਯਾ ਤੇ ਸ਼ਾਂਤੀ ਹੋਵੇ, ਅਤੇ ਵਿਸ਼ਵਾਸ ਨਾਲ ਪਿਆਰ, ਪਰਮੇਸ਼ੁਰ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਤੋਂ ਬਣਿਆ ਰਹੇ। ਉਨ੍ਹਾਂ ਸਭਨਾਂ ਤੇ ਕਿਰਪਾ ਹੁੰਦੀ ਰਹੇ ਜਿੰਨਾ ਕੋਲ ਸਾਡੇ ਪ੍ਰਭੂ ਯਿਸੂ ਮਸੀਹ ਲਈ ਅਟੱਲ ਪਿਆਰ ਹੈ।
**ਕ ਆਮੀਨ, ਪਰਮੇਸ਼ੁਰ ਦਾ ਧੰਨਵਾਦ ਹੋਵੇ।**

# ਜ਼ਮੀਮਾ*

---




https://www.youtube.com/watch?v=-6tomvcks4s

# تسبحة النّور لمار أفرام السريانيّ

يســـــوع ربُّنـــــا المسيــــــحْ
أشــــرقَ لنــا مِــــــنْ حشا أبيـــــــه

فجـــــاء وأنقذنـــا مِنَ الظُلمـــــــة
وبنــــوره الوهّــــــاج أنارَنــــــــــــا

إندفــــقَ النّهــــــار على البشـــــر

وانهـــزم سلطــــان الليــــــــــــــــلُ

مِــنْ نــــــوره شرقَ علينـــا نـــورْ
وأنـــــار يوننـــا المُظلمــــــــــــــــــه

سَنِيَّ مجدِهِ أفاض على المسكونَـــه
وأنـــارَ اللُّجَــــج السُّفلـــــــــــــى

مــاتَ المـــوتُ وبـادَ الظـــــلامْ
وتحطَّمــتْ أبـــوابُ الجحيـــــــــــمْ

وأنــــــارَ جميـــــعَ البِرايـــــا
ومُظلـــمَــةً كانتْ منذ القـديـــــــــمْ

قامَ الأمواتُ الرّاقدونَ في التُّــــــراب
ومجّدوا لأنّه صار لهم مُخلّـــــــــــصْ

عِملَ خلاصًا ووهب لنا الحيـــــــاة
وَصِعِــدَ إلــى أبيـــهِ العَــلِـــــــــيّ

وإنّــــه آتٍ بمجـــدٍ عظيـــــمْ
يُنيــرُ العيـــونَ التــي انتظَــرتْــــــه

*ਪੰਜਾਬੀ ਅਨੁਵਾਦ*

## ਚਾਨਣ ਦਾ ਗੀਤ (Saint Ephrem)

ਧਰਮੀ ਦਾ ਚਾਨਣ ਅਤੇ ਖਰੇ ਵਿਅਕਤੀ ਦਾ ਅਨੰਦ ਮਸੀਹ ਯਿਸੂ ਸਾਡਾ ਪ੍ਰਭੂ ਹੈ।
ਪਿਤਾ ਤੋਂ ਪੈਦਾ ਹੋਇਆ, ਉਸ ਨੇ ਆਪਣੇ ਆਪ ਨੂੰ ਸਾਡੇ ਉੱਤੇ ਪਰਗਟ ਕੀਤਾ।
ਉਹ ਸਾਨੂੰ ਅਨ੍ਹੇਰੇ ਤੋਂ ਛੁਡਾਉਣ ਦੇ ਲਈ ਆਇਆ।
ਅਤੇ ਸਾਨੂੰ ਆਪਣੇ ਚਾਨਣ ਦੀਆਂ ਕਿਰਨਾਂ ਨਾਲ ਭਰਨ ਲਈ।
ਦਿਨ ਸਾਡੇ ਉੱਤੇ ਚੜ੍ਹ ਆਇਆ ਹੈ; ਅਨ੍ਹੇਰੇ ਦੀ ਸ਼ਕਤੀ ਦੂਰ ਹੋ ਰਹੀ ਹੈ।
ਸੱਚੇ ਚਾਨਣ ਤੋਂ ਜਿਹੜਾ ਸਾਡੇ ਲਈ ਨਿੱਕਲਦਾ ਹੈ
ਉਹ ਚਾਨਣ ਜਿਹੜਾ ਸਾਡੀਆਂ ਅਨ੍ਹੇਰੀਆਂ ਅੱਖੀਆਂ ਨੂੰ ਪਰਕਾਸ਼ਮਾਨ ਕਰਦਾ ਹੈ।
ਉਸ ਦੀ ਮਹਿਮਾ ਸੰਸਾਰ ਉੱਤੇ ਚਮਕਦੀ ਹੈ
ਅਤੇ ਪਤਾਲ ਦੀ ਡੂੰਘਿਆਈਆਂ ਤੱਕ ਚਾਨਣ ਕਰਦੀ ਹੈ।

ਮੌਤ ਜੜ੍ਹੋਂ ਪੁੱਟੀ ਗਈ, ਰਾਤ ਭੱਜ ਗਈ, ਅਤੇ ਸ਼ਿਓਲ ਦੇ ਫਾਟਕ ਟੁੱਟ ਗਏ।
ਪੁਰਾਤਨ ਸਮਿਆਂ ਤੋਂ ਅਨ੍ਹੇਰੇ ਵਿੱਚ ਪਏ ਹੋਏ ਪ੍ਰਾਣੀਆਂ ਨੇ ਪਰਕਾਸ਼ ਦੇ ਬਸਤਰ ਪਾ ਲਏ।
ਮੁਰਦੇ ਮਿੱਟੀ ਤੋਂ ਉੱਠਦੇ ਅਤੇ ਗਾਉਂਦੇ ਹਨ ਕਿਉਂਕਿ ਉਨ੍ਹਾਂ ਕੋਲ ਇੱਕ ਮੁਕਤੀਦਾਤਾ ਆ ਗਿਆ ਹੈ।
ਉਹ ਮੁਕਤੀ ਲਿਆਉਂਦਾ ਅਤੇ ਸਾਨੂੰ ਜੀਵਨ ਬਖਸ਼ਦਾ ਹੈ।
ਉਹ ਉਤਾਂਹ ਆਪਣੇ ਪਿਤਾ ਦੇ ਕੋਲ ਚੜ੍ਹ ਜਾਂਦਾ ਹੈ।
ਉਹ ਸ਼ਾਨਦਾਰ ਮਹਿਮਾ ਵਿੱਚ ਵਾਪਸ ਆਵੇਗਾ
ਅਤੇ ਜਿਹੜੇ ਉਸ ਨੂੰ ਤੱਕਦੇ ਹਨ ਉਨ੍ਹਾਂ ਤੇ ਆਪਣਾ ਚਾਨਣ ਚਮਕਾਵੇਗਾ।

## TAIZÉ CHANT




♪ **Ven, Es-pí-ri-tu de Dios** y de tu_a-mor en-cien-de la lla-ma. Ven Es-pí-ri-tu de_a-mor. / **Ho-ly Spir-it, come to us**, kin-dle in us the fire of your love. Ho-ly Spir-it, come to us, Ho-ly Spir-it, come to us. / Vem Es-pí-ri-to de_a-mor, **vem a-cen-der em nós o teu fo-go**. Vem Es-pí-ri-to de_a-mor, vem Es-pí-ri-to de_a-mor. / **Šven-to-ji Dva-sia a-teik**, tu sa-vo mei-lės ug-nį už-de-ki. Šven-to-ji Dva-sia a-teik, Šven-to-ji Dva-sia a-teik. /

هَـــلُمَّ يا روحَ الله أضرِم فينـــا نارَ المَحَبَـــة
هَـــلُمَّ يا روحَ الله ، هَـــلُمَّ يا روحَ الله

(Viens Saint-Esprit, allume le feu de ton amour. / Komm Heiliger Geist, entzünde das Feuer deiner Liebe. / Vieni, Spirito Santo, accendi il fuoco del tuo amore. / Przyjdź, Duchu Święty, rozpal ogień Twej miłości. / Приди, Святой Дух, зажги огонь Твоей любви.)

Music: Jacques Berthier (1923-1994), copyright © Ateliers et Presses de Taizé, 71250 Taizé, France

## TRISAGION

In English and Greek: https://www.youtube.com/watch?v=oJ6of7ViJ5w

In Syriac: https://www.youtube.com/watch?v=FLBEzlUt2EA
In Armenian https://youtu.be/gPM-BKYVpNE

## SYRIAC HYMN

https://www.youtube.com/watch?v=nno6k0i8zd4

| | |
|---|---|
| **Ḥutomo:** Mshiḥo Ethileḍ | ܚܘܬܡܐ: ܡܫܝܚܐ ܐܬܝܠܕ |
| **Qolo:** Mshiḥo Ethileḍ (Ferdo Trayono) | ܩܠܐ: ܡܫܝܚܐ ܐܬܝܠܕ (ܦܪܕܐ ܛܪܝܢܐ) |
| **Mode:** 2, 6 | ܩܝܢܐ: ܒ: ܘ |




Mshiḥo e-thi-leḍ bghaw Bethelḥem, wmén ma-den-ḥo Mghushé é-thaw li-qo-reh. msha-lin waw wom-rin day-ko e-thi-leḍ, mal-ko dlash-lo-meh é-thayn dneb-ruk wnes-ghud leh.

ܡܫܝܚܐ ܐܬܝܠܕ ܒܓܘ ܒܝܬ ܠܚܡ: ܘܡܢ
ܡܕܢܚܐ ܡܓܘܫܐ ܐܬܘ ܠܐܝܩܪܗ. ܡܫܐܠܝܢ
ܗܘܘ ܘܐܡܪܝܢ: ܕܐܝܟܐ ܐܬܝܠܕ. ܡܠܟܐ
ܕܠܫܠܡܗ ܐܬܝܢ: ܕܢܒܪܟ ܘܢܣܓܘܕ
ܠܗ܀

*Christ was born in Bethlehem, and from the East the Magi came to honor Him. They were asking, "Where was the king born? For we came to greet, bless, and worship Him!"*

# We Three Kings of Orient Are




Text: John Henry Hopkins, Jr., 1820–1891, alt.
Music: John Henry Hopkins, Jr., 1820–1891

THREE KINGS OF ORIENT
8 8 4 4 6 and refrain

# Lord the light of your love

(Shine Jesus shine)

Capo 2(G)

Graham Kendrick




Copyright © 1987 Make Way Music. PO Box 263, Croydon, Surrey CR9 5AP, UK. International copyright secured. All rights reserved. Used by permission.
www.makewaymusic.com




2. Lord I come to your awesome presence
From the shadows into your radiance
By the blood I may enter your brightness
Search me, try me, consume all your darkness
Shine on me, shine on me

3. As we gaze on your kingly brightness
So our face display your likeness
Ever changing from glory to glory
Mirrored here may our lives tell your story
Shine on me, shine on me

COPTIC HYMN

1. ربنا ربنا جه علشانا ربنا ولد فقير زينا علشان هو حبنا

قرار

بيحبنا بيعزنا بيحبنا بيعزنا

2. ربنا ربنا جه علشانا ربنا أنا سعيد أنا سعيد بميالدك يا ربي ميالدك المجيد أنشودة تفرح قلبي

3. العدرا فرحت ببشارة جبرائيل وقلوبنا هللت بميالد عمانوئيل

4. نجم في المشرق أضاء للمجوس وقلوبنا شموع نورها هللا القدوس

5. ربنا يا يسوع يا بهجة حياتنا كن معانا كن معانا في كل أوقاتنا

**ਸਾਡਾ ਪ੍ਰਭੂ, ਸਾਡਾ ਪ੍ਰਭੂ**

ਸਾਡਾ ਪ੍ਰਭੂ, ਸਾਡਾ ਪ੍ਰਭੂ, ਸਾਡਾ ਪ੍ਰਭੂ ਸਾਡੇ ਲਈ ਆਇਆ। ਸਾਡੇ ਵਾਂਙ ਹੀ ਚਰਨੀ ਵਿੱਚ ਪੈਦਾ ਹੋਇਆ ਕਿਉਂਕਿ ਉਹ ਸੱਚਮੁੱਚ ਸਾਨੂੰ ਪਿਆਰ ਕਰਦਾ ਹੈ।

**ਕੋਰਸ:** ਉਹ ਸਾਨੂੰ ਸਭਨਾਂ ਨੂੰ ਪਿਆਰ ਕਰਦਾ ਹੈ। ਉਹ ਸਾਡੀਆਂ ਜਾਨਾਂ ਨੂੰ ਛੁਡਾਉਂਦਾ ਹੈ। (2)

ਸਾਡਾ ਪ੍ਰਭੂ, ਸਾਡਾ ਪ੍ਰਭੂ, ਸਾਡਾ ਪ੍ਰਭੂ ਸਾਡੇ ਲਈ ਆਇਆ। (2) ਮੈਂ ਖੁਸ਼ ਹਾਂ, ਮੈਂ ਖੁਸ਼ ਹਾਂ; ਤੇਰੇ ਜਨਮ ਕਰਕੇ, ਹੇ ਮੇਰੇ ਪ੍ਰਭੂ, ਬੈਤਲਹਮ ਵਿੱਚ ਤੇਰਾ ਜਨਮ ਮੇਰੀ ਜਾਨ ਲਈ ਵੱਡਾ ਅਨੰਦ ਹੈ।

ਸਾਡਾ ਪ੍ਰਭੂ, ਸਾਡਾ ਪ੍ਰਭੂ, ਸਾਡਾ ਪ੍ਰਭੂ ਸਾਡੇ ਲਈ ਆਇਆ। (2) ਕੁਆਰੀ ਜ਼ਿਬਰਾਏਲ ਦੇ ਸ਼ਬਦਾਂ ਤੇ ਖੁਸ਼ ਹੋਈ, ਸਾਡੇ ਦਿਲ ਇੰਮਾਨੂਏਲ ਦੇ ਜਨਮ ਤੇ ਖੁਸ਼ ਹਨ।

ਸਾਡਾ ਪ੍ਰਭੂ, ਸਾਡਾ ਪ੍ਰਭੂ, ਸਾਡਾ ਪ੍ਰਭੂ ਸਾਡੇ ਲਈ ਆਇਆ। (2) ਪੂਰਬ ਵਿੱਚ ਮਜੂਸੀਆਂ ਨੇ ਤਾਰਾ ਵੇਖਿਆ ਸੀ। ਸਾਡੇ ਦਿਲ ਪਵਿੱਤਰ ਪ੍ਰਭੂ ਲਈ ਜਗ ਗਏ ਹਨ।

ਸਾਡਾ ਪ੍ਰਭੂ, ਸਾਡਾ ਪ੍ਰਭੂ, ਸਾਡਾ ਪ੍ਰਭੂ ਸਾਡੇ ਲਈ ਆਇਆ। (2) ਅਕਾਸ਼ ਵਿੱਚ ਸਵਰਗਦੂਤਾਂ ਨੇ ਪ੍ਰਭੂ ਦੇ ਜਨਮ ਤੇ ਵਡਿਆਈ ਕੀਤੀ। ਪਰਮਧਾਮ ਵਿੱਚ ਪਰਮੇਸ਼ੁਰ ਦੀ ਵਡਿਆਈ ਅਤੇ ਧਰਤੀ ਤੇ ਸ਼ਾਂਤੀ।

ਸਾਡਾ ਪ੍ਰਭੂ, ਸਾਡਾ ਪ੍ਰਭੂ, ਸਾਡਾ ਪ੍ਰਭੂ ਸਾਡੇ ਲਈ ਆਇਆ।

https://www.youtube.com/watch?v=93_cM9FwSe8&feature=youtu.be&fbclid=IwAR1YUA_a0yTKpJ7WQCnjogpvNgXAwkO4EM5dWXnoovWwHbNiESCwJgYZN8

# ਅੱਠ ਦਿਨਾਂ ਲਈ ਬਾਈਬਲ ਮਨਨ ਅਤੇ ਪ੍ਰਾਰਥਨਾਵਾਂ

## ਦਿਨ 1

“ਅਸਾਂ ਚੜ੍ਹਦੇ ਪਾਸੇ ਉਸ ਦਾ ਤਾਰਾ ਡਿੱਠਾ” (ਮੱਤੀ 2:2)

*ਸਾਨੂੰ ਜੀਵਾਲੋ ਅਤੇ ਆਪਣੇ ਸਿੱਧ ਚਾਨਣ ਵੱਲ ਲੈ ਆਓ*

### ਵਚਨ ਪੜ੍ਹਨਾ

ਜ਼ਕਰ 4:1-7 ਮੈਂ ਸਰਾਸਰ ਸੋਨੇ ਦਾ ਇੱਕ ਸ਼ਮਾਦਾਨ ਵੇਖਿਆ

ਜ਼ਬੂਰ 139:1-10 ਤੇਰਾ ਸੱਜਾ ਹੱਥ ਮੈਨੂੰ ਸੰਭਾਲੇਗਾ

2 ਤਿਮੋ. 1:7-10 ਇਹ ਕਿਰਪਾ...ਸਾਡੇ ਮੁਕਤੀਦਾਤੇ ਪ੍ਰਭੂ ਯਿਸੂ ਦੇ ਪਰਗਟ ਹੋਣ ਰਾਹੀਂ ਪਰਗਟ ਕੀਤੀ ਗਈ ਹੈ

ਯੂਹੰਨਾ 16:7-14 ਜਦੋਂ ਸਚਿਆਈ ਦਾ ਆਤਮਾ ਆਵੇਗਾ, ਉਹ ਸਾਰੀ ਸਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ।

### ਮਨਨ

ਇਸ ਕਮਜ਼ੋਰ ਅਤੇ ਅਨਿਸ਼ਚਿਤਤ ਸੰਸਾਰ ਦੇ ਵਿੱਚ, ਅਸੀਂ ਚਾਨਣ ਨੂੰ, ਦੂਰ ਤੋਂ ਹੀ ਇੱਕ ਆਸ ਦੀ ਕਿਰਨ ਨੂੰ ਲੱਭਦੇ ਹਾਂ। ਬੁਰਾਈ ਦੇ ਵਿੱਚ ਵੀ, ਅਸੀਂ ਭਲਿਆਈ ਨੂੰ ਭਾਲਦੇ ਹਾਂ। ਅਸੀਂ ਆਪਣੇ ਅੰਦਰ ਹੀ ਭਲੇ ਨੂੰ ਭਾਲਦੇ ਹਾਂ, ਪਰ ਬਹੁਤ ਵਾਰ ਅਸੀਂ ਸਾਡੀਆਂ ਕਮਜ਼ੋਰੀਆਂ ਹੇਠਾਂ ਦੱਬੇ ਜਾਂਦੇ ਹਾਂ ਅਤੇ ਸਾਡੀ ਆਸ ਟੁੱਟ ਜਾਂਦੀ ਹੈ। ਸਾਡਾ ਭਰੋਸਾ ਉਸ ਪਰਮੇਸ਼ੁਰ ਤੇ ਹੁੰਦਾ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ। ਪਰਮੇਸ਼ੁਰ ਨੇ, ਆਪਣੀ ਬੁੱਧ ਵਿੱਚ, ਸਾਨੂੰ ਈਸ਼ਵਰੀ ਦਖਲਅੰਦਾਜੀ ਲਈ ਆਸ ਦੇ ਯੋਗ ਬਣਾਇਆ ਹੈ; ਪਰ ਅਸੀਂ ਇਹ ਉਮੀਦ ਨਹੀਂ ਕੀਤੀ ਸੀ ਕਿ ਪਰਮੇਸ਼ੁਰ ਦੀ ਦਖਲਅੰਦਾਜੀ ਇੱਕ ਵਿਅਕਤੀ ਨਾਲ ਹੋਵੇਗੀ, ਅਤੇ ਇਹ ਕਿ ਖੁਦ ਪ੍ਰਭੂ ਆਪ ਸਾਡੇ ਵਿਚਕਾਰ ਚਾਨਣ ਹੋਵੇਗਾ। ਇਹ ਸਾਡੀਆਂ ਸਾਰੀਆਂ ਉਮੀਦਾਂ ਤੋਂ ਕਿਤੇ ਵੱਧ ਕੇ ਹੈ। ਪਰਮੇਸ਼ੁਰ ਦਾ ਸਾਡੇ ਲਈ ਤੋਹਫਾ “ਆਤਮਾ ਦੀ ਸ਼ਕਤੀ, ਅਤੇ ਪਿਆਰ” ਹੈ। ਸਾਡੀ ਆਪਣੀ ਤਾਕਤ ਅਤੇ ਯੋਗਤਾ ਤੇ ਨਿਰਭਰ ਰਹਿੰਦੇ ਹੋਏ ਨਹੀਂ, ਪਰ ਇਸ ਦੀ ਬਜਾਏ ਪਰਮੇਸ਼ੁਰ ਦੇ ਪਵਿੱਤਰ ਆਤਮਾ ਦੇ ਅਸੀਂ ਇਸ ਸਿੱਧ ਚਾਨਣ ਦੇ ਰਾਹ ਵੱਲ ਖਿੱਚੇ ਨਹੀਂ ਆਉਂਦੇ ਹਾਂ।

ਮਨੁੱਖਤਾ ਦੇ ਅਨ੍ਹੇਰੇ ਵਿਚਕਾਰ ਵੀ ਪੂਰਬ ਤੋਂ ਤਾਰਾ ਚਮਕਿਆ ਸੀ। ਇਸ ਦੇ ਵਿੱਚ ਅਸੀਂ ਇੱਕ ਚਾਨਣ ਨੂੰ ਵੇਖਿਆ ਜਿਹੜਾ ਉਸ ਡੂੰਘੇ ਅਨ੍ਹੇਰੇ ਨੂੰ ਵੀ ਵਿੰਨ੍ਹਦਾ ਜਿਹੜਾ ਸਾਨੂੰ ਇੱਕ ਦੂਜੇ ਤੋਂ ਅੱਡ ਕਰਦਾ ਹੈ। ਤਾਰੇ ਦਾ ਚਾਨਣ ਸਿਰਫ ਇੱਕ ਖਾਸ ਇਤਹਾਸਿਕ ਪਲ ਤੇ ਪਰਕਾਸ਼ ਹੀ ਨਹੀਂ ਸੀ ਪਰ ਇਹ ਨਿਰੰਤਰ ਚਮਕਦਾ ਹੈ ਅਤੇ ਇਤਹਾਸ ਦੇ ਚੇਹਰੇ ਨੂੰ ਬਦਲਦਾ ਹੈ। ਯੁੱਗਾਂ ਤੋਂ ਹੀ, ਅਤੇ ਜਦੋਂ ਦਾ ਤਾਰਾ ਪ੍ਰਗਟ ਹੋਇਆ ਹੈ, ਸੰਸਾਰ ਨੇ ਮਸੀਹ ਦੇ ਚੇਲਿਆਂ ਦੇ ਜੀਵਨਾਂ ਰਾਹੀਂ ਉਸ ਆਸ ਨੂੰ ਜਾਣਿਆ ਹੈ ਜਿਹੜੀ ਪਵਿੱਤਰ ਆਤਮਾ ਦੁਆਰਾ ਪ੍ਰੇਰਿਤ ਹੁੰਦੀ ਹੈ। ਇਹ ਇਤਹਾਸ ਵਿੱਚ ਪਰਮੇਸ਼ੁਰ ਦੇ ਕੰਮ ਦੀ, ਅਤੇ ਪਵਿੱਤਰ ਆਤਮਾ ਦੀ ਬਣੇ ਰਹਿਣ ਵਾਲੀ ਹਜ਼ੂਰੀ ਦੀ ਗਵਾਹੀ ਦਿੰਦਾ ਹੈ। ਇਤਹਾਸ ਦੇ ਉਲਟ-ਫੇਰ ਅਤੇ ਹਾਲਾਤਾਂ ਦੇ ਬਦਲਾਅ ਦੇ ਬਾਵਜੂਦ, ਚੜ੍ਹਿਆ ਹੋਇਆ ਤਾਰਾ ਚਮਕਦਾ ਰਹਿੰਦਾ ਹੈ, ਇਤਹਾਸ ਦੇ ਵਹਾਅ ਤੋਂ ਇੱਕ ਕਿਰਨ ਵਜੋਂ

ਵਹਿੰਦਾ ਹੋਇਆ ਸਭਨਾਂ ਨੂੰ ਇਸ ਸਿੱਧ ਚਾਨਣ ਵਿੱਚ ਲਿਆਉਂਦਾ ਅਤੇ ਉਸ ਅਨ੍ਹੇਰੇ ਤੇ ਜਿੱਤ ਪਾਉਂਦਾ ਹੈ ਜੋ ਸਾਨੂੰ ਇੱਕ ਦੂਜੇ ਤੋਂ ਅੱਡ ਕਰਦਾ ਹੈ।

ਇਹ ਅਨ੍ਹੇਰੇ ਤੇ ਜਿੱਤ ਪਾਉਣ ਦੀ ਇੱਛਾ ਜਿਹੜੀ ਸਾਨੂੰ ਅੱਡ ਕਰਦੀ ਇਹੀ ਸਾਨੂੰ ਪ੍ਰਾਰਥਨਾ ਕਰਨ ਅਤੇ ਮਸੀਹੀ ਏਕਤਾ ਲਈ ਕੰਮ ਕਰਨ ਵਾਸਤੇ ਮਜ਼ਬੂਰ ਕਰਦੀ ਹੈ।

## ਪ੍ਰਾਰਥਨਾ

ਪ੍ਰਭੂ ਪਰਮੇਸ਼ੁਰ, ਮਸੀਹ ਦੇ ਚਾਨਣ ਦੁਆਰਾ ਸਾਡੇ ਰਾਹ ਨੂੰ ਪਰਕਾਸ਼ਮਾਨ ਕਰ ਜਿਹੜਾ ਸਾਡੇ ਅੱਗੇ ਚੱਲਦਾ ਅਤੇ ਸਾਡੀ ਅਗਵਾਈ ਕਰਦਾ ਹੈ। ਸਾਨੂੰ ਪਰਕਾਸ਼ਮਾਨ ਕਰ ਅਤੇ ਸਾਡੇ ਅੰਦਰ ਆ ਵੱਸ। ਸਾਡੇ ਦਿਲ਼ਾਂ ਦੇ ਵਿੱਚ ਇੱਕ ਛੋਟੀ ਚਰਨੀ ਲੱਭਣ ਵੱਲ ਸਾਡੀ ਅਗਵਾਈ ਕਰ ਜਿੱਥੇ ਕਿ ਇੱਕ ਵੱਡਾ ਚਾਨਣ ਅਜੇ ਵੀ ਸੁੱਤਾ ਪਿਆ ਹੈ। ਚਾਨਣ ਦੇ ਸਿਰਜਣਹਾਰ, ਅਸੀਂ ਇਸ ਕਦੇ ਵੀ ਅਲੋਪ ਨਾ ਹੋਣ ਵਾਲੇ ਤਾਰੇ, ਯਿਸੂ ਮਸੀਹ, ਸਾਡੇ ਪ੍ਰਭੂ ਅਤੇ ਮੁਕਤੀਦਾਤੇ ਲਈ ਧੰਨਵਾਦ ਕਰਦੇ ਹਾਂ। ਉਹ ਸਾਡੀ ਯਾਤਰਾ ਲਈ ਇੱਕ ਕਿਰਨ ਬਣ ਜਾਵੇ। ਸਾਡੀ ਫੁੱਟ ਨੂੰ ਦੂਰ ਕਰ ਅਤੇ ਸਾਨੂੰ ਚਾਨਣ ਦੇ ਨੇੜੇ ਲੈ ਆ ਤਾਂ ਜੋ ਅਸੀਂ ਉਸ ਦੇ ਵਿੱਚ ਏਕਤਾ ਨੂੰ ਲੱਭ ਸਕੀਏ। ਆਮੀਨ।

# ਦਿਨ 2

“ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ ਉਹ ਕਿੱਥੇ ਹੈ?” (ਮੱਤੀ 2:2)

*ਹਲੀਮ ਅਗਵਾਈ ਕੰਧਾਂ ਨੂੰ ਤੋੜਦੀਆਂ ਅਤੇ ਪਿਆਰ ਨਾਲ ਨਿਰਮਾਣ ਕਰਦੀ ਹੈ*

## ਵਚਨ ਪੜ੍ਹਨਾ

| | |
|---|---|
| ਯਿਰ. 23:1-6 | ਉਹ ਰਾਜਾ ਹੋ ਕੇ ਰਾਜ ਕਰੇਗਾ ਅਤੇ ਬੁੱਧਵਾਨ ਹੋਵੇਗਾ |
| ਜ਼ਬੂਰ 46 | ਉਹ ਧਰਤੀ ਦੇ ਬੰਨ੍ਹਿਆਂ ਤੀਕੁਰ ਲੜਾਈਆਂ ਨੂੰ ਮੁਕਾ ਦਿੰਦਾ ਹੈ |
| ਫ਼ਿਲਿੱ. 2:5-11 | ਜਿਸ ਨੇ...ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ |
| ਮੱਤੀ 20:20-28 | ਮਨੁੱਖ ਦਾ ਪੁੱਤਰ ਸੇਵਾ ਕਰਾਉਣ ਨਹੀਂ, ਪਰ ਸੇਵਾ ਕਰਨ ਆਇਆ |

## ਮਨਨ

ਯਿਰਮਿਯਾਹ ਇਸਰਾਏਲ ਦੇ ਦੇ ਬੁਰੇ ਰਾਜਿਆਂ ਦੀ ਅਗਵਾਈ ਦੀ ਨਿਖੇਧੀ ਕਰਦਾ ਹੈ ਜਿੰਨਾ ਨੇ ਲੋਕਾਂ ਨੂੰ ਵੰਡਿਆਂ ਅਤੇ ਖਿੰਡਾਇਆ ਸੀ। ਇੱਥੇ ਇੱਕ ਅਗਵਾਈ ਸੀ ਜਿਸ ਨੇ ਦੇਸਾਂ ਨੂੰ ਨਾਸ ਕੀਤਾ ਸੀ ਅਤੇ ਉਨ੍ਹਾਂ ਦੇ ਨਾਗਰਿਕਾਂ ਨੂੰ ਅਸੀਰੀ ਵਿੱਚ ਭੇਜ ਦਿੱਤਾ ਸੀ। ਤੁਲਨਾ ਵਿੱਚ, ਪ੍ਰਭੂ ਉਨ੍ਹਾਂ ਨੂੰ ਇੱਕ ਅਜਿਹੇ ਅਯਾਲੀ ਰਾਜੇ ਦਾ ਵਾਇਦਾ ਕਰਦਾ ਹੈ ਜਿਹੜਾ “ਦੇਸ ਵਿੱਚ ਨਿਆਂ ਅਤੇ ਧਾਰਮਿਕਤਾ ਨੂੰ ਲਿਆਵੇਗਾ” ਅਤੇ ਉਸ ਦੇ ਝੁੰਡ ਦੇ ਮੈਂਬਰਾਂ ਨੂੰ ਇਕੱਠਾ ਕਰੇਗਾ।

ਸਾਡਾ ਸੰਸਾਰ ਚੰਗੀ ਅਗਵਾਈ ਦੀ ਲਾਲਸਾ ਰੱਖਦਾ ਹੈ ਅਤੇ ਨਿਰੰਤਰ ਕਿਸੇ ਉਸ ਨੂੰ ਭਾਲ ਰਿਹਾ ਹੈ ਜਿਹੜਾ ਇਸ ਇੱਛਾ ਨੂੰ ਪੂਰਾ ਕਰੇਗਾ। ਕੋਈ ਇੱਕ ਅਜਿਹਾ ਆਗੂ ਕਿੱਥੇ ਲੱਭ ਸਕਦਾ ਹੈ? ਸਿਰਫ ਮਸੀਹ ਵਿੱਚ ਹੀ ਅਸੀਂ ਪਰਮੇਸ਼ੁਰ ਨੂੰ ਮਨਭਾਉਂਦੇ ਇੱਕ ਰਾਜੇ ਜਾਂ ਆਗੂ ਦੀ ਉਦਾਹਰਣ ਨੂੰ ਵੇਖਿਆ ਹੈ। ਜਿਵੇਂ ਕਿ ਅਸੀਂ ਉਸ ਦੇ ਪਿੱਛੇ ਚੱਲਣ ਲਈ ਸੱਦੇ ਗਏ ਹਾਂ, ਅਸੀਂ ਸੰਸਾਰ ਅਤੇ ਕਲੀਸਿਯਾ ਦੇ ਵਿੱਚ ਦਾਸ-ਰਾਜਤੱਵ

ਦੇ ਉਸ ਦੇ ਰਾਹ ਦੇ ਉਸ ਦੇ ਰਾਹ ਦੀ ਰੀਸ ਕਰਨ ਲਈ ਵੀ ਸੱਦੇ ਗਏ ਹਾਂ। ਮਸੀਹ ਵਿੱਚ ਅਸੀਂ ਉਸ ਨਾਲ ਮੁਲਾਕਾਤ ਕਰਦੇ ਹਾਂ ਜਿਹੜਾ ਢਾਹੁੰਦਾ ਅਤੇ ਵੰਡਦਾ ਨਹੀਂ ਪਰ ਨਿਰਮਾਣ ਕਰਦਾ ਅਤੇ ਪਰਮੇਸ਼ੁਰ ਦੇ ਨਾਮ ਦੀ ਮਹਿਮਾ ਲਈ ਸੰਪੂਰਣ ਬਣਾਉਂਦਾ ਹੈ। ਉਸ ਦਾ ਰਾਜ ਆਤਮ-ਸੇਵਾ ਦਾ ਨਹੀਂ ਹੈ ਅਤੇ ਉਹ ਤਾਕਤ ਦਾ ਇਸਤੇਮਾਲ ਨਹੀਂ ਕਰਦਾ ਹੈ। ਪਰ ਇਸ ਦੀ ਬਜਾਏ ਉਸ ਦੇ ਵਿੱਚ ਅਸੀਂ ਇੱਕ ਪਿਆਰੇ, ਹਲੀਮ ਦਾਸ ਨਾਲ ਮਿਲਦੇ ਹਾਂ ਜਿਸ ਨੇ ਪਰਮੇਸ਼ੁਰ ਦੇ ਤੁੱਲ ਹੋਣ ਨੂੰ ਕਬਜ਼ੇ ਰੱਖਣ ਦੀ ਚੀਜ ਨਹੀਂ ਸਮਝਿਆ ਸੀ। ਉਹ ਸੇਵਾ ਕਰਾਉਣ ਦੇ ਲਈ ਨਹੀਂ, ਪਰ ਸੇਵਾ ਕਰਨ ਦੇ ਲਈ ਆਇਆ ਸੀ, ਅਤੇ ਉਸ ਦੇ ਚੇਲਿਆਂ ਨੂੰ ਵੀ ਉਹੀ ਕਰਨ ਲਈ ਸੱਦਿਆ ਗਿਆ ਹੈ।

ਅੱਜ, ਮਿਡਲ ਈਸਟ ਆਪਣੇ ਲੋਕਾਂ ਨੂੰ ਅਸੀਰੀ ਵਿੱਚ ਜਾਣ ਦੇ ਘਾਟੇ ਦਾ ਅਨੁਭਵ ਕਰ ਰਿਹਾ ਹੈ ਕਿਉਂਜੋ "ਨਿਆਂ ਅਤੇ ਧਾਰਮਿਕਤਾ" ਦੁਰਲਭ ਹੁੰਦੇ ਜਾ ਰਹੇ ਹਾਂ ਸਿਰਫ ਉੱਥੇ ਹੀ ਨਹੀਂ ਪਰ ਪੂਰੇ ਸੰਸਾਰ ਦੇ ਵਿੱਚ। ਫਿਰ ਵੀ ਸਾਡੇ ਕੋਲ ਇੱਕ ਆਸ ਹੈ ਕਿ ਅਸੀਂ ਡਗਮਗਾਵਾਂਗੇ ਨਹੀਂ ਭਾਵੇਂ ਕਿ ਸਾਡੇ ਆਲੇ-ਦੁਆਲੇ 'ਕੋਮਾਂ ਹੁੱਲੜ ਮਚਾਉਣ" ਜਾਂ "ਰਾਜ ਵੀ ਡੋਲ ਜਾਣ।"

ਕਲੀਸਿਯਾ ਅਤੇ ਸੰਸਾਰ ਦੋਹਾਂ ਦੇ ਵਿੱਚ ਹੀ, ਆਗੂਆਂ, ਕੋਲ ਪਰਮੇਸ਼ੁਰ ਦੇ ਲੋਕਾਂ ਨੂੰ ਵੰਡਣ ਜਾਂ ਖਿੰਡਾਉਣ ਦੀ ਬਜਾਏ ਇਕੱਠੇ ਲਿਆਉਣ ਦੀ ਜਵਾਬਦੇਹੀ ਹੈ। ਕਲੀਸਿਯਾ ਅਤੇ ਸੰਸਾਰ ਦੇ ਵਿੱਚ ਅੱਜ ਬਹੁਤ ਸਾਰੀ ਫੁੱਟ ਔਹਦੇ, ਤਾਕਤ ਅਤੇ ਆਤਮ-ਲਾਭ ਦੀ ਇੱਛਾ ਦੇ ਕਾਰਨ ਹੁੰਦੀ ਹੈ। ਜਿੰਨਾ ਜ਼ਿਆਦਾ ਵਫ਼ਾਦਾਰੀ ਨਾਲ ਮਸੀਹੀ ਮਸੀਹ ਦੀ ਦਾਸ ਅਗਵਾਈ ਨੂੰ ਮਿਟਾਉਂਦੇ ਜਾਂਦੇ ਹਨ ਓਨਾ ਜ਼ਿਆਦਾ ਹੀ ਫੁੱਟ ਸੰਸਾਰ ਅਤੇ ਕਲੀਸਿਯਾ ਦੇ ਵਿੱਚ ਜ਼ਿਆਦਾ ਜਿੱਤ ਪਾਉਂਦੀ ਜਾਵੇਗੀ। ਜਦੋਂ ਅਸੀਂ ਧਾਰਮਿਕਤਾ, ਨਿਆਂ ਅਤੇ ਸਭਨਾਂ ਦੀ ਸਲਾਮਤੀ ਲਈ ਸ਼ਾਂਤੀ ਵਾਸਤੇ ਕੰਮ ਕਰਦੇ ਹਾਂ, ਅਸੀਂ ਅਯਾਲੀ-ਰਾਜੇ ਲਈ ਹਲੀਮਤਾ ਨਾਲ ਗਵਾਹ ਹੋਵਾਂਗੇ, ਅਤੇ ਹੋਰਨਾਂ ਨੂੰ ਵੀ ਉਸ ਦੀ ਹਜ਼ੂਰੀ ਵਿੱਚ ਲਿਆਵਾਂਗੇ।

### ਪ੍ਰਾਰਥਨਾ

ਪਰਮੇਸ਼ੁਰ, ਸਾਡੀ ਇਕਲੌਤੀ ਪਨਾਹ ਅਤੇ ਤਾਕਤ, ਅਸੀਂ ਤੁਹਾਡੀ ਵਡਿਆਈ ਕਰਦੇ ਹਾਂ ਕਿਉਂਜੋ ਤੁਸੀਂ ਹੀ ਇੱਕ ਧਰਮੀ ਅਤੇ ਨਿਆਈਂ ਪਰਮੇਸ਼ੁਰ ਹੋ। ਅਸੀਂ ਤੁਹਾਡੇ ਅੱਗੇ ਇਕਰਾਰ ਕਰਦੇ ਹਾਂ ਕਿ ਅਸੀਂ ਅਕਸਰ ਅਗਵਾਈ ਦੇ ਸੰਸਾਰਿਕ ਨਮੂਨਿਆਂ ਦਾ ਲਾਲਚ ਕਰਦੇ ਹਾਂ। ਸ਼ਕਤੀਸ਼ਾਲੀ ਮਹੱਲਾਂ ਦੇ ਵਿੱਚ ਸਾਡੇ ਪ੍ਰਭੂ ਯਿਸੂ ਮਸੀਹ ਦੀ ਖੋਜ ਨਾ ਕਰਨ ਅਤੇ ਪਰ ਹਲੀਮ ਚਰਨੀ ਵਿੱਚ ਭਾਲ ਕਰਨ ਅਤੇ ਉਸ ਦੀ ਦੀਨਤਾ ਵਿੱਚ ਉਸ ਨੂੰ ਖੋਜਣ ਵਿੱਚ ਸਾਡੀ ਮਦਦ ਕਰੋ। ਸਾਨੂੰ ਆਪਣੇ ਆਪ ਨੂੰ ਖਾਲੀ ਕਰਨ ਲਈ ਉਤਸ਼ਾਹਿਤ ਕਰੋ ਜਦੋਂ ਅਸੀਂ ਤੁਹਾਡੀ ਆਗਿਆਕਾਰੀ ਵਿੱਚ ਇੱਕ ਦੂਜੇ ਦੀ ਸੇਵਾ ਕਰਦੇ ਹਾਂ।

ਅਸੀਂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਦੇ ਹਾਂ ਜਿਹੜਾ ਕਿ ਤੁਹਾਡੇ ਨਾਲ ਹੈ ਅਤੇ ਪਵਿੱਤਰ ਆਤਮਾ ਰਾਹੀਂ ਸਦਾ ਲਈ ਮਹਿਮਾ ਵਿੱਚ ਰਾਜ ਕਰਦਾ ਹੈ। ਆਮੀਨ।

# ਦਿਨ 3

"ਇਹ ਗੱਲ ਸੁਣ ਕੇ ਰਾਜਾ ਹੇਰੋਦੇਸ ਸਾਰੇ ਯਰੂਸਲਮ ਸਣੇ ਘਬਰਾਇਆ" (ਮੱਤੀ 2:3)

*ਮਸੀਹ ਦੀ ਹਜ਼ੂਰੀ, ਸੰਸਾਰ ਨੂੰ ਉਲਟ ਪੁਲਟ ਕਰ ਰਹੀ ਹੈ*

## ਵਚਨ ਪੜ੍ਹਨਾ

ਨਹਮ. 4:18-21 ਅਸੀਂ ਕੰਮ ਕਰਦੇ ਗਏ...ਸੂਰਜ ਚੜ੍ਹਨ ਤੋਂ ਤਾਰਿਆਂ ਦੇ ਵਿਖਾਈ ਦੇਣ ਤੱਕ
ਫਸ 2:1-10 ਕੌਮਾਂ ਕਾਹਨੂੰ ਡੰਡ ਪਾਉਂਦੀਆਂ ਹਨ...?
2 ਥੱਸ 2:13-3; 5 ਪਰ ਪ੍ਰਭੂ ਵਫ਼ਾਦਾਰ ਹੈ, ਉਹ ਤੁਹਾਨੂੰ ਤਕੜਿਆਂ ਕਰੇਗਾ
ਮੱਤੀ 2:1-5 ਉਹ, ਅਤੇ ਸਾਰਾ ਯਰੂਸ਼ਲਮ ਵੀ ਉਸ ਨਾਲ ਘਬਰਾਇਆ

## ਮਨਨ

ਪ੍ਰਭੂ ਸਾਡੇ ਵਿਚਕਾਰ ਆਇਆ ਹੈ। ਮਸੀਹ ਦਾ ਆਉਣਾ ਸੰਸਾਰ ਦੇ ਰਾਹਾਂ ਨੂੰ ਪਰੇਸ਼ਾਨ ਕਰਦਾ ਹੈ। ਬਹੁਤ ਸਾਰੇ ਰਾਸ਼ਟਰੀ ਆਗੂਆਂ ਦੀ ਤੁਲਨਾ ਵਿੱਚ, ਪ੍ਰਭੂ ਨਿਆਂ ਅਤੇ ਜ਼ੁਲਮ ਦੀ ਬੁਰਾਈ ਦੀ ਜਿਹੜਾ ਸ਼ਕਤੀ ਅਤੇ ਰੁੱਤਬੇ ਵਾਲਿਆਂ ਦੇ ਨਾਲ ਹੁੰਦਾ ਹੈ ਦੀ ਨਿਖੇਧੀ ਕਰਦਾ ਹੋਇਆ ਹਲੀਮਤਾ ਵਿੱਚ ਆਉਂਦਾ ਹੈ। ਯਿਸੂ ਦਾ ਆਉਣਾ ਦਿਲ ਦੇ ਇੱਕ ਬਦਲਾਅ ਅਤੇ ਜੀਵਨ ਦੇ ਇੱਕ ਪਰਿਵਰਤਨ ਨੂੰ ਸੱਦਦਾ ਹੈ, ਤਾਂ ਜੋ ਲੋਕ ਉਸ ਸਭ ਤੋਂ ਅਜ਼ਾਦ ਹੋ ਸਕਣ ਜਿਹੜਾ ਉਨ੍ਹਾਂ ਨੂੰ ਅਮਨਾਵੀ ਬਣਾਉਂਦਾ ਅਤੇ ਦੁੱਖ ਸਹਿਣ ਦਾ ਕਾਰਨ ਦਿੰਦਾ ਹੈ। ਯਿਸੂ ਸਾਨੂੰ ਵਿਖਾਉਂਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਦੇ ਨਾਲ ਹੀ ਹੁੰਦਾ ਜਿਹੜੇ ਦੁੱਖ ਸਹਿੰਦੇ ਹਨ ਕਿਉਂਕਿ ਹਰੇਕ ਵਿਅਕਤੀ ਕੋਲ ਪਰਮੇਸ਼ੁਰ ਦੀ ਸੰਤਾਨ ਵਜੋਂ ਇੱਕ ਸਨਮਾਨ ਹੈ। ਇਸ ਤਰ੍ਹਾਂ, ਯਿਸੂ ਦੀ ਹਜ਼ੂਰੀ ਸੰਖੇਪ ਵਿੱਚ ਘਬਰਾਹਟ ਲਿਆਉਂਦੀ ਹੈ ਕਿਉਂਕਿ ਇਹ ਅਮੀਰ ਅਤੇ ਸ਼ਕਤੀਸ਼ਾਲੀ ਦੀ ਕਿਸ਼ਤੀ ਨੂੰ ਡਗਮਗਾਉਂਦੀ ਹੈ ਜਿਹੜੇ ਸਿਰਫ ਆਪਣੀ ਦਿਲਚਸਪੀ ਲਈ ਕੰਮ ਕਰਦੇ ਅਤੇ ਆਮ ਵਿਅਕਤੀ ਦੇ ਭਲੇ ਨੂੰ ਨਜ਼ਰਅੰਦਾਜ ਕਰਦੇ ਹਨ। ਪਰ, ਉਹ ਜਿਹੜੇ ਸ਼ਾਂਤੀ ਅਤੇ ਏਕਤਾ ਲਈ ਕੰਮ ਕਰਦੇ ਹਨ, ਮਸੀਹ ਦਾ ਆਉਣਾ ਉਨ੍ਹਾਂ ਵਾਸਤੇ ਆਸ ਦੇ ਚਾਨਣ ਨੂੰ ਲਿਆਉਂਦਾ ਹੈ।

ਅੱਜ, ਅਸੀਂ ਸਾਡੇ ਸੰਸਾਰ ਦੇ ਵਿੱਚ ਨਿਆਂ ਨੂੰ ਇੱਕ ਅਸਲੀਅਤ ਬਣਾਉਣ ਦੇ ਨਿਰਮਾਣਾਤਮਕ ਕੰਮ ਵਾਸਤੇ ਆਪਣੇ ਆਪ ਨੂੰ ਸਪੁਰਦ ਕਰਨ ਲਈ ਸੱਦੇ ਗਏ ਹਾਂ। ਇਹ ਸਾਨੂੰ ਉਨ੍ਹਾਂ ਘਟਨਾਵਾਂ ਤੇ ਚਿੰਤਨ ਅਤੇ ਮਨਨ ਕਰਨ ਦੀ ਲੋੜ ਨੂੰ ਕਾਰਨ ਦਿੰਦਾ ਹੈ ਜਦੋਂ ਸਾਡੇ ਰਾਹ ਨਿਆਂ ਅਤੇ ਸ਼ਾਂਤੀ ਦੇ ਪਰਮੇਸ਼ੁਰ ਦੇ ਰਾਹਾਂ ਵਰਗੇ ਨਹੀਂ ਹੁੰਦੇ ਹਨ। ਜਦੋਂ ਮਸੀਹੀ ਇਕੱਠੇ ਨਿਆਂ ਅਤੇ ਸ਼ਾਂਤੀ ਲਈ ਕੰਮ ਕਰਦੇ ਹਨ ਤਾਂ ਸਾਡੀਆਂ ਕੋਸ਼ਿਸ਼ਾਂ ਸ਼ਕਤੀਸ਼ਾਲੀ ਹੋ ਜਾਂਦੀਆਂ ਹਨ। ਅਤੇ ਜਦੋਂ ਮਸੀਹੀ ਇਸ ਢੰਗ ਨਾਲ ਕੰਮ ਕਰਦੇ ਹਨ, ਮਸੀਹੀ ਏਕਤਾ ਲਈ ਸਾਡੀ ਪ੍ਰਾਰਥਨਾ ਦਾ ਉੱਤਰ ਐਨਾ ਪਰਤੱਖ ਬਣ ਜਾਂਦਾ ਹੈ ਕਿ ਦੂਜੇ ਸਾਡੇ ਅੰਦਰ ਅੱਜ ਸੰਸਾਰ ਦੇ ਵਿੱਚ ਮਸੀਹ ਦੀ ਹਜ਼ੂਰੀ ਨੂੰ ਪਛਾਣਦੇ ਹਨ। ਸਾਡੇ ਸ਼ਬਦਾਂ ਅਤੇ ਕੰਮਾਂ ਦੇ ਰਾਹੀਂ, ਅਸੀਂ ਓਨਾ ਬਹੁਤ ਸਾਰਿਆਂ ਲਈ ਆਸ ਦੇ ਚਾਨਣ ਨੂੰ ਲਿਆ ਸਕਦੇ ਹਾਂ ਜਿਹੜੇ ਕਿ ਅਜੇ ਵੀ ਰਾਜਨੀਤਿਕ ਬੇਚੈਨੀ, ਸਮਾਜਿਕ ਗਰੀਬੀ, ਅਤੇ ਭੇਦਭਾਵ ਦੇ ਅਨ੍ਹੇਰੇ ਵਿੱਚ ਰਹਿ ਰਹੇ ਹਨ। ਖੁਸ਼ਖਬਰੀ ਇਹ ਹੈ ਕਿ ਪਰਮੇਸ਼ੁਰ ਵਫ਼ਾਦਾਰ ਹੈ, ਅਤੇ ਉਹ ਸਦਾ ਸਾਨੂੰ ਬਲ ਦਿੰਦਾ ਹੈ ਅਤੇ ਨੁਕਸਾਨ ਤੋਂ ਸਾਡੀ ਸੁਰੱਖਿਆ ਕਰਦਾ ਹੈ, ਅਤੇ ਹੋਰਨਾਂ ਦੇ ਭਲੇ ਲਈ ਕੰਮ ਕਰਨ ਵਾਸਤੇ ਸਾਨੂੰ ਪ੍ਰੇਰਿਤ ਕਰਦਾ ਹੈ, ਖਾਸ ਕਰਕੇ ਉਹ ਜਿਹੜੇ ਦੁੱਖਾਂ, ਨਫ਼ਰਤ, ਹਿੰਸਾ ਅਤੇ ਦਰਦ ਦੇ ਅਨ੍ਹੇਰੇ ਵਿੱਚ ਰਹਿ ਰਹੇ ਹਨ।

## ਪ੍ਰਾਰਥਨਾ

ਹੇ ਪ੍ਰਭੂ, ਤੁਸੀਂ ਅਨ੍ਹੇਰੇ ਤੋਂ ਯਿਸੂ ਵੱਲ ਸਾਡੀ ਅਗਵਾਈ ਕੀਤੀ ਹੈ। ਤੁਸੀਂ ਸਾਡੇ ਜੀਵਨਾਂ ਵਿੱਚ ਆਸ ਦੇ ਤਾਰੇ ਨੂੰ ਪਰਕਾਸ਼ਮਾਨ ਕੀਤਾ ਹੈ। ਤੁਹਾਡੇ ਪਿਆਰ, ਨਿਆਂ ਅਤੇ ਸ਼ਾਂਤੀ ਦੇ ਰਾਜ ਨੂੰ ਲਿਆਉਣ ਵਾਸਤੇ ਸਾਡੇ ਸਮਰਪਣ ਲਈ ਇੱਕ ਹੋਣ ਵਿੱਚ ਸਾਡੀ ਸਹਾਇਤਾ ਕਰ ਤਾਂ ਜੋ ਅਸੀਂ ਉਨ੍ਹਾਂ ਸਭਨਾਂ ਲਈ ਆਸ ਦਾ ਚਾਨਣ ਬਣੀਏ ਜੋ ਨਿਰਾਸ਼ਾ ਦੇ ਭਰਮ ਦੇ ਅਨ੍ਹੇਰੇ ਵਿੱਚ ਰਹਿ ਰਹੇ ਹਨ। ਹੇ ਪ੍ਰਭੂ, ਸਾਡਾ ਹੱਥ ਫੜੋ, ਤਾਂ ਜੋ ਅਸੀਂ ਸਾਡੇ ਰੋਜ਼ਾਨਾ ਦੇ ਜੀਵਨਾਂ ਵਿੱਚ ਤੁਹਾਨੂੰ ਵੇਖ ਸਕੀਏ। ਜਦੋਂ ਅਸੀਂ ਤੁਹਾਡੇ ਪਿੱਛੇ ਚੱਲਦੇ ਹਾਂ, ਸਾਡੇ

ਡਰ ਅਤੇ ਚਿੰਤਾ ਨੂੰ ਦੂਰ ਕਰੋ। ਆਪਣਾ ਚਾਨਣ ਸਾਡੇ ਉੱਤੇ ਚਮਕਾਓ ਅਤੇ ਸਾਡੇ ਦਿਲਾਂ ਵਿੱਚ ਅੱਗ ਭਰੋ ਤਾਂ ਜੋ ਤੁਹਾਡਾ ਪਿਆਰ ਸਾਨੂੰ ਨਿੱਘ ਨਾਲ ਭਰ ਦੇਵੇ। ਸਾਨੂੰ ਆਪਣੇ ਕੋਲ ਉਤਾਂਹ ਚੁੱਕੋ, ਤੁਸੀਂ ਜਿੰਨਾ ਨੇ ਸਾਡੇ ਖਾਤਰ ਆਪਣੇ ਆਪ ਨੂੰ ਸੱਖਣਾ ਕੀਤਾ, ਤਾਂ ਜੋ ਸਾਡੇ ਜੀਵਨ ਤੁਹਾਡੀ, ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੀ ਵਡਿਆਈ ਕਰ ਸਕਣ। ਆਮੀਨ।

# ਦਿਨ 4

“ਹੇ ਬੈਤਲਹਮ...ਤੂੰ...ਕਿਸੇ ਤਰ੍ਹਾਂ ਛੋਟਾ ਨਹੀਂ ਹੈ” (ਮੱਤੀ 2:6)

*ਭਾਵੇਂ ਕਿ ਅਸੀਂ ਛੋਟੇ ਅਤੇ ਦੁੱਖਾਂ ਵਿੱਚ ਹਾਂ, ਸਾਨੂੰ ਕੋਈ ਘਾਟ ਨਹੀਂ*

## ਵਚਨ ਪੜ੍ਹਨਾ

| | |
|---|---|
| ਮੀਕਾਹ 5:2-5ੳ, 7-8 | ਤੇਰੇ ਤੋਂ ਆਵੇਗਾ...ਜਿਹੜਾ ਇਸਰਾਏਲ ਤੇ ਰਾਜ ਕਰੇਗਾ |
| ਜ਼ਬੂਰ 23 | ਯਹੋਵਾਹ ਮੇਰਾ ਅਯਾਲੀ ਹੈ, ਮੈਨੂੰ ਥੁੜ ਨਹੀਂ ਹੋਵੇਗੀ |
| 1 ਪਤ 2: 21-25 | ਤੁਸੀਂ ਆਪਣੀਆਂ ਜਾਨਾਂ ਦੇ ਅਯਾਲੀ ਅਤੇ ਨਿਗਾਹਬਾਨ ਕੋਲ ਮੁੜ ਆਏ ਹੋ |
| ਲੂਕਾ 12:32-40 | ਹੇ ਛੋਟੇ ਝੁੰਡ, ਨਾ ਡਰ |

## ਮਨਨ

ਬੈਤਲਹਮ ਦੇ ਛੋਟੇ ਅਤੇ ਤੁੱਛ ਜਿਹੇ ਸ਼ਹਿਰ ਤੋਂ, ਪ੍ਰਭੂ, ਪਰਮੇਸ਼ੁਰ ਦੇ ਪੁੱਤਰ ਨੇ, ਸੰਸਾਰ ਦੇ ਵਿੱਚ ਪਰਵੇਸ਼ ਕੀਤਾ। ਇੱਕ ਹਲੀਮ ਪਿੰਡ ਦੀ ਕੁੜੀ ਦੀ ਕੁੱਖ ਤੋਂ, ਉਸ ਨੇ ਮਨੁੱਖੀ ਦੇਹ ਧਾਰੀ, ਅਤੇ ਅਸਪਸ਼ਟ ਅਤੇ ਸਾਦਗੀ ਵਿੱਚ ਆਪਣੀ ਮਨੁੱਖਤਾ ਨੂੰ ਬਿਤਾਉਣਾ ਚੁਣਿਆ। ਉਹ ਖੇਤ ਦੇ ਵਿੱਚ ਇੱਕ ਦਾਣਾ, ਆਟੇ ਦੀ ਧੌਣ ਵਿੱਚ ਖਮੀਰ, ਅਤੇ ਸਾਡੀਆਂ ਨਜ਼ਰਾਂ ਵਿੱਚ ਇੱਕ ਛੋਟੀ ਆਸ ਦੀ ਕਿਰਨ ਬਣ ਗਿਆ, ਅਤੇ ਚਾਨਣ ਨੇ ਧਰਤੀ ਨੂੰ ਭਰ ਦਿੱਤਾ। ਇਫਰਾਤ ਦੀ ਅਸਪਸ਼ਟਤਾ ਤੋਂ ਇੱਕ ਹਾਕਮ, ਅਯਾਲੀ ਅਤੇ ਸਾਡੀਆਂ ਜਾਨਾਂ ਦਾ ਨਿਗਾਹਬਾਨ ਆਇਆ। ਅਤੇ ਭਾਵੇਂ ਕਿ ਉਹ ਸਾਡਾ ਅਯਾਲੀ ਹੈ, ਉਹ ਓਹ ਲੇਲਾ ਬਣ ਗਿਆ ਜਿਹੜਾ ਜਗਤ ਦੇ ਪਾਪ ਚੁੱਕ ਲਈ ਜਾਂਦਾ ਹੈ ਤਾਂ ਜੋ ਅਸੀਂ ਚੰਗੇ ਹੋ ਸਕੀਏ।

ਭਾਵੇਂ ਕਿ ਯਹੂਦਾਹ ਦੇ ਵੱਡੇ ਗੋਤ ਦੇ ਵਿੱਚ ਇਹ ਛੋਟੀ ਜਿਹੀ ਵਿਸ਼ੇਸ਼ਤਾ ਰੱਖਣ ਵਾਲਾ, ਬੈਤਲਹਮ ਸਾਰੇ ਅਯਾਲੀਆਂ ਦੇ ਪਰਧਾਨ ਅਯਾਲੀ, ਸਾਰੇ ਰਾਜਿਆਂ ਦੇ ਰਾਜੇ ਦੇ ਜਨਮ ਕਾਰਨ ਮਹਾਨ ਬਣ ਗਿਆ ਸੀ। ਬੈਤਲਹਮ, ਇੱਕ ਉਹ ਨਾਮ ਹੈ ਜਿਸ ਦਾ ਅਰਥ “ਰੋਟੀ ਦਾ ਘਰ” ਹੈ, ਇਹ ਇੱਕ ਉਸ ਕਲੀਸਿਯਾ ਲਈ ਰੂਪਕ ਹੋ ਸਕਦਾ ਹੈ ਜੋ ਸੰਸਾਰ ਲਈ ਜੀਵਨ ਦੀ ਰੋਟੀ ਨੂੰ ਲਿਆਉਂਦਾ ਹੈ। ਕਲੀਸਿਯਾ, ਅੱਜ ਦਾ ਬੈਤਲਹਮ, ਨਿਰੰਤਰ ਉਹ ਸਥਾਨ ਬਣਿਆ ਰਹਿੰਦਾ ਹੈ ਜਿੱਥੇ ਕਿ ਕਮਜ਼ੋਰ, ਸ਼ਕਤੀਹੀਣ ਅਤੇ ਛੋਟਿਆਂ ਦਾ ਸੁਆਗਤ ਹੁੰਦਾ ਹੈ ਕਿਉਂਕਿ ਉਸ ਦੇ ਵਿੱਚ ਹਰ ਇੱਕ ਲਈ ਸਥਾਨ ਹੈ। ਇਨ੍ਹਾਂ ਦਾਣਿਆਂ ਦਾ ਇਕੱਠਾ ਹੋਣਾ ਇੱਕ ਵੱਡੀ ਫਸਲ ਬਣ ਜਾਂਦਾ ਹੈ। ਇਕੱਠਾ ਖਮੀਰ ਇੱਕ ਸ਼ਕਤੀਸ਼ਾਲੀ ਤਾਕਤ ਬਣ ਜਾਂਦਾ ਹੈ। ਪਵਿੱਤਰ ਕੀਤੀਆਂ ਹੋਈਆਂ ਕਿਰਨਾਂ ਇੱਕ ਮਾਰਗਦਸ਼ਕ ਚਾਨਣ ਬਣ ਜਾਂਦੀਆਂ ਹਨ।

ਰਾਜਨੀਤਿਕ ਅਸ਼ਾਂਤੀ, ਲਾਲ ਦੇ ਇੱਕ ਵੱਧਦੇ ਸੱਭਿਆਚਾਰ, ਅਤੇ ਇਸ ਸੰਸਾਰ ਵਿੱਚ ਸ਼ਕਤੀ ਦੀ ਦੁਰਵਰਤੋਂ ਦੇ ਵਿਚਕਾਰ ਵੀ, ਮਸੀਹੀ, ਮਿਡਲ ਈਸਟ ਵਿੱਚ ਹੋਰਨਾਂ ਦੇ ਵਾਂਙ ਹੀ, ਸਤਾਅ ਨੂੰ ਸਹਿਣ ਕਰਦੇ ਅਤੇ ਹਾਸ਼ੀਏ ਤੋਂ ਬਾਹਰ ਹੋਣ ਦਾ ਦੁੱਖ ਝੱਲਦੇ, ਹਿੰਸਾ ਅਤੇ ਅਨਿਆਂ ਦੇ ਡਰ ਵਿੱਚ ਜੀਵਨ ਬਿਤਾਉਂਦੇ ਹਨ।

ਫਿਰ ਵੀ, ਉਹ ਡਰਦੇ ਨਹੀਂ ਹਨ ਕਿਉਂਕਿ ਅਯਾਲੀ ਉਨ੍ਹਾਂ ਦੇ ਨਾਲ ਤੁਰਦਾ ਹੈ, ਉਨ੍ਹਾਂ ਨੂੰ ਇੱਕ ਝੁੰਡ ਵਿੱਚ ਇਕੱਠਾ ਕਰਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਪਿਆਰੀ ਹਜ਼ੂਰੀ ਦੀ ਇੱਕ ਨਿਸ਼ਾਨੀ ਬਣਾਉਂਦਾ ਹੈ। ਇਕੱਠੇ ਉਹ, ਓਹ ਖਮੀਰ ਹਨ ਜਿਹੜਾ ਕਿ ਪੂਰੀ ਧੌਣ ਨੂੰ ਖਮੀਰਾ ਕਰ ਦਿੰਦਾ ਹੈ। ਮਸੀਹ ਵਿੱਚ ਉਹ ਹਲੀਮਤਾ ਦੇ ਇੱਕ ਨਮੂਨੇ ਨੂੰ ਪਾਉਂਦੇ ਹਨ, ਅਤੇ ਉਸ ਤੋਂ ਉਹ ਫੁੱਟ ਤੇ ਜਿੱਤ ਪਾਉਣ ਅਤੇ ਝੁੰਡ ਵਿੱਚ ਇੱਕ ਹੋਣ ਦੇ ਸੱਦੇ ਨੂੰ ਪਾਉਂਦੇ ਹਨ। ਭਾਵੇਂ ਕਿ ਉਹ ਥੋੜੇ ਹਨ, ਆਪਣੇ ਦੁੱਖਾਂ ਵਿੱਚ ਉਹ ਲੇਲੇ ਦੇ ਕਦਮਾਂ ਦਾ ਅਨੁਸਰਣ ਕਰਦੇ ਹਨ ਜਿਸ ਨੇ ਸੰਸਾਰ ਦੀ ਮੁਕਤੀ ਲਈ ਦੁੱਖ ਸਹਿਆ ਸੀ। ਭਾਵੇਂ ਕਿ ਉਹ ਥੋੜੇ ਹਨ ਉਹ ਆਸ ਵਿੱਚ ਪੱਕੇ, ਕਿਸੇ ਵੀ ਗੱਲ ਦੀ ਘਾਟ ਨਹੀਂ ਰੱਖਦੇ ਹਨ।

## ਪ੍ਰਾਰਥਨਾ

ਚੰਗੇ ਅਯਾਲੀ, ਛੋਟੇ ਝੁੰਡ ਦਾ ਟੁੱਕੜਿਆਂ ਵਿੱਚ ਵੰਡਿਆਂ ਹੋਣਾ ਤੇਰੇ ਪਵਿੱਤਰ ਆਤਮਾ ਨੂੰ ਦੁਖੀ ਕਰਦਾ ਹੈ। ਸਾਡੀਆਂ ਦੁਰਬਲ ਕੋਸ਼ਿਸ਼ਾਂ ਨੂੰ ਅਤੇ ਤੇਰੀ ਇੱਛਾ ਨੂੰ ਪੂਰਾ ਕਰਨ ਵਿੱਚ ਸਾਡੇ ਧੀਮਾ ਹੋਣ ਨੂੰ ਮਾਫ਼ ਕਰ। ਆਪਣੇ ਮਨਭਾਉਂਦੇ ਹੋਏ ਬੁੱਧੀਮਾਨ ਅਯਾਲੀ ਸਾਨੂੰ ਦੇਹ ਜਿਹੜੇ ਫੁੱਟ ਦੇ ਪਾਪ ਨੂੰ ਪਛਾਣਦੇ ਹਨ, ਅਤੇ ਜਿਹੜੇ ਧਾਰਮਿਕਤਾ ਅਤੇ ਪਵਿੱਤਰਤਾ, ਏਕਤਾ ਵਿੱਚ ਅਗਵਾਈ ਕਰਨਗੇ। ਪ੍ਰਭੂ, ਅਸੀਂ ਮੰਗਦੇ ਹਾਂ ਕਿ, ਤੁਸੀਂ ਸਾਡੀ ਪ੍ਰਾਰਥਨਾ ਸੁਣੋ। ਆਮੀਨ।

# ਦਿਨ 5

“ਉਹ ਤਾਰਾ ਜਿਹੜਾ ਉਨ੍ਹਾਂ ਨੇ ਚੜ੍ਹਦੇ ਪਾਸੇ ਡਿੱਠਾ ਸੀ ਉਨ੍ਹਾਂ ਦੇ ਅੱਗੇ ਅੱਗੇ ਚੱਲਿਆ”

(ਮੱਤੀ 2:9)

*ਇੱਕ ਪ੍ਰਭੂ ਦੁਆਰਾ ਅਗਵਾਈ*

## ਵਚਨ ਪੜ੍ਹਨਾ

| | |
|---|---|
| ਕੂਚ 13:17-14:4 | ਪ੍ਰਭੂ ਬੱਦਲ ਦੇ ਇੱਕ ਥੰਮ੍ਹ ਵਿੱਚ ਉਨ੍ਹਾਂ ਦੇ ਅੱਗੇ-ਅੱਗੇ ਚੱਲਿਆ |
| ਜ਼ਬੂਰ 121 | ਮੈਂ ਆਪਣੀਆਂ ਅੱਖਾਂ ਪਹਾੜਾਂ ਵੱਲ ਚੁੱਕਾਂਗਾ, ਮੇਰੀ ਸਹਾਇਤਾ ਕਿੱਥੋਂ ਆਵੇਗੀ? |
| ਪਰਕਾਸ਼ 22:5-9 | ਪ੍ਰਭੂ ਪਰਮੇਸ਼ੁਰ ਸਾਡਾ ਚਾਨਣ ਹੋਵੇਗਾ। |
| ਮੱਤੀ 2:7-10 | ਉਹ ਤਾਰਾ ਜਿਹੜਾ ਉਨ੍ਹਾਂ ਦੇ ਚੜ੍ਹਦੇ ਪਾਸੇ ਡਿੱਠਾ ਸੀ ਉਨ੍ਹਾਂ ਦੇ ਅੱਗੇ ਅੱਗੇ ਚੱਲਿਆ॥ |

## ਮਨਨ

ਵਾਰ-ਵਾਰ ਪਵਿੱਤਰ ਵਚਨ ਸਾਨੂੰ ਦੱਸਦਾ ਹੈ ਕਿ ਕਿਵੇਂ ਪ੍ਰਭੂ ਪਰਮੇਸ਼ੁਰ ਆਪਣੇ ਲੋਕਾਂ ਦੇ ਨਾਲ-ਨਾਲ ਚੱਲਦਾ, ਉਨ੍ਹਾਂ ਦੀ ਸੁਰੱਖਿਆ ਕਰਦਾ, ਅਤੇ ਦਿਨ ਰਾਤ ਉਨ੍ਹਾਂ ਦੀ ਨਿਗਰਾਨੀ ਕਰਦਾ ਹੈ। ਰਾਹ ਹੋ ਸਕਦਾ ਹੈ ਕਿ ਸਦਾ ਸਿੱਧਾ ਨਾ ਹੋਵੇ: ਕਈ ਵਾਰ ਸਾਨੂੰ ਕਦਮਾਂ ਦੀ ਪੈੜ੍ਹ ਤੇ ਮੁੜ ਚੱਲਣ ਲਈ ਅਗਵਾਈ ਹੁੰਦੀ ਹੈ, ਅਤੇ ਕਈ ਹੋਰਨਾਂ ਸਮਿਆਂ ਤੇ ਇੱਕ ਵੱਖਰੇ ਰਾਹ ਤੋਂ ਮੁੜਨਾ ਹੋ ਸਕਦਾ ਹੈ। ਪਰ ਜੀਵਨ ਵਿੱਚ ਸਾਡੀਆਂ ਸਾਰੀਆਂ ਯਾਤਰਾਵਾਂ ਦੇ ਵਿੱਚ, ਅਸੀਂ ਇਹ ਭਰੋਸਾ ਕਰ ਸਕਦੇ ਹਾਂ ਕਿ ਪਰਮੇਸ਼ੁਰ, ਜਿਹੜਾ ਕਿ “ਨਾ ਤਾਂ ਸੌਂਦਾ ਨਾ ਹੀ ਊਂਘਦਾ ਹੈ”, ਉਹ ਸਾਡੇ ਪੈਰਾਂ ਨੂੰ ਤਿਲਕਣ ਤੋਂ ਅਤੇ ਸਾਡੇ ਡਿੱਗਣ ਤੋਂ ਸਾਡੀ ਸੁਰੱਖਿਆ ਕਰਦਾ ਹੈ।

ਇੱਥੋਂ ਤੱਕ ਕਿ ਵੱਡੇ ਅਨ੍ਹੇਰੇ ਵਿੱਚ ਵੀ, ਪਰਮੇਸ਼ੁਰ ਦਾ ਚਾਨਣ ਸਾਡੇ ਨਾਲ ਹੀ ਹੁੰਦਾ ਹੈ। ਉਸ ਦਾ ਚਾਨਣ ਪਰਮੇਸ਼ੁਰ ਦੇ ਲੋਕਾਂ ਲਈ ਉਨ੍ਹਾਂ ਦੇ ਅੱਗੇ ਰਾਹ ਵਿੱਚ ਅਗਵਾਈ ਕਰਨ ਲਈ ਨਬੀਆਂ ਦੁਆਰਾ ਚਮਕਦਾ ਉਨ੍ਹਾਂ ਨੂੰ ਨੇਮ ਨੂੰ ਯਾਦ ਕਰਾਉਂਦਾ ਹੈ। ਇਸ ਤੋਂ ਵੱਧ ਸਿੱਧਤਾ ਵਿੱਚ, ਸਮਾਂ ਪੂਰਾ ਹੋਣ ਤੇ, ਪਰਮੇਸ਼ੁਰ ਆਪਣੇ ਇਕਲੌਤੇ ਪੁੱਤਰ, ਯਿਸੂ ਮਸੀਹ ਨੂੰ ਭੇਜਦਾ ਹੈ। ਉਹ ਸਾਰੀਆਂ ਕੌਮਾਂ ਲਈ ਪਰਮੇਸ਼ੁਰ ਦੀ ਮਹਿਮਾ, ਈਸ਼ਵਰੀ ਜੀਵਨ ਦਾ ਸ੍ਰੋਤ, ਆਪਣੇ ਲਹੂ ਵਿੱਚ ਇੱਕ ਨਵਾਂ ਨੇਮ ਉੱਤੇ ਮੋਹਰ ਲਗਾਉਂਦਾ ਹੋਇਆ ਮਾਰਗਦਰਸ਼ਕ ਹੁੰਦਾ ਹੈ।

ਇੱਕ ਦੂਜੇ ਨਾਲ ਏਕਤਾ, ਅਤੇ ਇਸੇ ਤਰ੍ਹਾਂ ਹੀ ਮਸੀਹ ਨਾਲ ਗੂੜ੍ਹ ਸੰਗਤੀ, ਦਾ ਰਾਹ ਸਦਾ ਸਾਫ ਨਹੀਂ ਹੁੰਦਾ। ਸਾਡੇ ਆਪਣੇ ਆਪ ਏਕਤਾ ਦਾ ਨਿਰਮਾਣ ਕਰਨ ਦੀਆਂ ਉਤਸੁਕ ਕੋਸ਼ਿਸ਼ਾਂ ਵਿੱਚ ਵਚਨ ਦੇ ਇਸ ਬੁਨਿਆਦੀ ਸੰਦੇਸ਼ ਤੋਂ ਨਜ਼ਰਾਂ ਹਟਾ ਲੈਣਾ ਬਹੁਤ ਸੌਖਾ ਹੈ: ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਉਨ੍ਹਾਂ ਦੀਆਂ ਅਸਫਲਤਾਵਾਂ ਅਤੇ ਵੰਡੇ ਹੋਣ ਤੇ ਵੀ ਤਿਆਗਦਾ ਨਹੀਂ ਹੈ। ਇਹ ਸਿਰਫ ਮਸੀਹੀਆਂ ਲਈ ਹੀ ਆਸ ਦਾ ਸੰਦੇਸ਼ ਨਹੀਂ ਹੈ, ਪਰ ਇਹ ਪੂਰੇ ਸੰਸਾਰ ਦੇ ਲਈ ਹੈ। ਜਿਵੇਂ ਕਿ ਮਜੂਸੀਆਂ ਦੀ ਕਹਾਣੀ ਸਾਨੂੰ ਯਾਦ ਕਰਾਉਂਦੀ ਹੈ, ਪਰਮੇਸ਼ੁਰ ਹਰ ਕਿਸਮ ਦੇ ਲੋਕਾਂ ਦੀ, ਤਾਰੇ ਦੇ ਚਾਨਣ ਨਾਲ ਅਗਵਾਈ ਕਰਦਾ ਹੈ, ਉਸ ਜਗ੍ਹਾ ਵੱਲ, ਜਿੱਥੇ ਕਿ ਮਸੀਹ ਜਗਤ ਦਾ ਚਾਨਣ ਪਾਇਆ ਜਾਂਦਾ ਹੈ।

ਪਰਮੇਸ਼ੁਰ ਪਵਿੱਤਰ ਆਤਮਾ ਨੂੰ ਭੇਜਦਾ ਹੈ ਜਿਸ ਦਾ ਚਾਨਣ ਸਾਨੂੰ ਵਿਸ਼ਵਾਸ ਦੀਆਂ ਨਜ਼ਰਾਂ ਨਾਲ ਈਸ਼ਵਰੀ ਬੱਚੇ ਦੀ ਸਚਿਆਈ ਨੂੰ ਅਤੇ ਉਸ ਵਿੱਚ ਸਾਰੀਆਂ ਗੱਲਾਂ ਦੇ ਮਿਲਾਪ ਅਤੇ ਏਕਤਾ ਨੂੰ ਵੇਖਣ ਵਾਲਾ ਬਣਾਉਂਦਾ ਹੈ। ਇਹ ਇਹੀ ਆਤਮਾ ਹੈ ਜਿਹੜਾ ਸਾਨੂੰ ਅਨ੍ਹੇਰੇ ਅਤੇ ਦੁੱਖਾਂ ਵਿੱਚੋਂ ਕੱਢ ਕੇ ਮਸੀਹ ਅਤੇ ਚਾਨਣ ਵਿੱਚ ਲਿਆਉਂਦਾ ਹੈ।

## ਪ੍ਰਾਰਥਨਾ

ਹੇ ਸਾਡੇ ਪਰਮੇਸ਼ੁਰ ਪਿਤਾ, ਤੁਸੀਂ ਆਪਣੇ ਇਕਲੌਤੇ ਪੁੱਤਰ ਵੱਲ ਅਗਵਾਈ ਕਰਨ ਲਈ ਮਜੂਸੀਆਂ ਵਾਸਤੇ ਤਾਰੇ ਨੂੰ ਭੇਜਿਆ। ਤੁਹਾਡੇ ਵਿੱਚ ਸਾਡੀ ਆਸ ਨੂੰ ਵਧਾਓ ਅਤੇ ਸਾਨੂੰ ਇਹ ਜਾਣਨ ਦਿਓ ਕਿ ਹਰ ਸਮੇਂ ਤੁਸੀਂ ਸਾਡੇ ਨਾਲ ਚੱਲਦੇ ਹੋਏ, ਆਪਣੇ ਲੋਕਾਂ ਦੀ ਨਿਗਰਾਨੀ ਕਰਦੇ ਹੋ। ਤੁਹਾਡੇ ਪਵਿੱਤਰ ਆਤਮਾ ਦੀ ਅਗਵਾਈ ਦਾ ਅਨੁਸਰਣ ਕਰਨਾ ਸਾਨੂੰ ਸਿਖਾਓ, ਭਾਵੇਂ ਰਾਹ ਕਿੰਨਾ ਵੀ ਅਜੀਬ ਕਿਉਂ ਨਾ ਲੱਗੇ, ਤਾਂ ਜੋ ਅਸੀਂ ਯਿਸੂ ਮਸੀਹ, ਜਗਤ ਦੇ ਚਾਨਣ ਵਿੱਚ ਸਾਡੀ ਏਕਤਾ ਨਾਲ ਅਗਵਾਈ ਕੀਤੇ ਜਾਈਏ। ਆਪਣੇ ਆਤਮਾ ਲਈ ਸਾਡੀਆਂ ਅੱਖਾਂ ਖੋਲ੍ਹੋ, ਅਤੇ ਸਾਡੇ ਵਿਸ਼ਵਾਸ ਵਿੱਚ ਸਾਨੂੰ ਉਤਸਾਹਿਤ ਕਰੋ, ਤਾਂ ਜੋ ਅਸੀਂ ਇਹ ਇਕਰਾਰ ਕਰ ਸਕੀਏ ਕਿ ਯਿਸੂ ਪ੍ਰਭੂ ਹੈ, ਅਤੇ ਉਸ ਵਿੱਚ ਅਰਾਧਨਾ ਅਤੇ ਅਨੰਦ ਕਰ ਸਕੀਏ ਜਿਵੇਂ ਕਿ ਬੈਤਲਹਮ ਵਿੱਚ ਮਜੂਸੀਆਂ ਨੇ ਕੀਤਾ ਸੀ।

ਅਸੀਂ ਤੁਹਾਡੇ ਪੁੱਤਰ ਯਿਸੂ ਮਸੀਹ ਵਿੱਚ ਇਨ੍ਹਾਂ ਬਰਕਤਾਂ ਨਾਲ ਤੁਹਾਡੇ ਤੋਂ ਇਹ ਮੰਗਦੇ ਹਾਂ। ਆਮੀਨ।

# ਦਿਨ 6

"ਅਤੇ ਉਨ੍ਹਾਂ ਨੇ ਉਸ ਘਰ ਵਿੱਚ ਜਾ ਕੇ ਬਾਲਕ ਨੂੰ ਉਹ ਦੀ ਮਾਤਾ ਮਰਿਯਮ ਦੇ ਨਾਲ ਡਿੱਠਾ ਅਤੇ ਪੈਰੀਂ ਪੈ ਕੇ ਉਨ੍ਹਾਂ ਨੂੰ ਮੱਥਾ ਟੇਕਿਆ" (ਮੱਤੀ 2:11)

*ਇੱਕ ਪ੍ਰਭੂ ਦੇ ਦੁਆਲੇ ਅਰਾਧਨਾ ਲਈ ਇਕੱਠੇ ਹੋਵੋ*

## ਵਚਨ ਪੜ੍ਹਨਾ

ਕੂਚ 3:1-6 ਮੂਸਾ ਨੇ ਆਪਣਾ ਮੂੰਹ ਲੁਕੋ ਲਿਆ, ਕਿਉਂਜੋ ਉਹ ਪਰਮੇਸ਼ੁਰ ਨੂੰ ਵੇਖਣ ਤੋਂ ਡਰਦਾ ਸੀ।
ਜ਼ਬੂਰ 84 ਹੇ ਸੈਨਾ ਦੇ ਯਹੋਵਾਹ, ਤੇਰੇ ਡੇਹਰੇ ਕਿਹੇ ਪ੍ਰੇਮ ਰੱਤੇ ਹਨ!
ਪਰਕਾਸ਼ 4:8-11 ਉਹ ਦੀ ਅਰਾਧਨਾ ਕਰੋ ਜਿਹੜਾ ਜੁੱਗੋ ਜੁੱਗ ਜੀਉਂਦਾ ਹੈ
ਮੱਤੀ 28:16-20 ਜਦੋਂ ਉਨ੍ਹਾਂ ਉਸ ਨੂੰ ਵੇਖਿਆ, ਉਨ੍ਹਾਂ ਉਸ ਦੀ ਅਰਾਧਨਾ ਕੀਤੀ

## ਮਨਨ

ਜਦੋਂ ਮਜੂਸੀ ਆਪਣੇ ਦੂਰ ਦੇਸਾਂ ਤੋਂ ਬੈਤਲਹਮ ਨੂੰ ਆਏ ਅਤੇ ਉਨ੍ਹਾਂ ਨੇ ਬੱਚੇ ਨੂੰ ਆਪਣੀ ਮਾਂ ਦੇ ਨਾਲ ਵੇਖਿਆ, ਉਨ੍ਹਾਂ ਨੇ ਉਸ ਦੀ ਅਰਾਧਨਾ ਕੀਤੀ। ਸਾਡੇ ਵਿਚਕਾਰ ਪਰਮੇਸ਼ੁਰ ਦੇ ਹੋਣ ਦੇ ਇਸ ਪਰਕਾਸ਼ ਵਿੱਚ, ਅੱਖਾਂ ਹੇਠਾਂ ਕੀਤੀਆ ਹੋਈਆਂ ਹਨ ਅਤੇ ਗੋਡੇ ਨਿਵਾਏ ਹੋਏ ਹਨ। ਇਸੇ ਤਰ੍ਹਾਂ ਹੀ ਬਲਦੀ ਹੋਈ ਝਾੜੀ ਦੇ ਦ੍ਰਿਸ਼ ਵਿੱਚ, ਮੂਸਾ ਨੇ ਆਪਣਾ ਮੂੰਹ ਲੁਕੋਇਆ, ਕਿਉਂਜੋ ਉਹ ਪਰਮੇਸ਼ੁਰ ਨੂੰ ਵੇਖਣ ਤੋਂ ਡਰਿਆ ਸੀ। ਜਦੋਂ ਚੇਲਿਆਂ ਨੇ ਜੀ ਉੱਠੇ ਮਸੀਹ ਨੂੰ ਗਲੀਲ ਦੇ ਪਹਾੜ ਉੱਤੇ ਵੇਖਿਆ, ਉਹ ਹੈਰਾਨ ਅਤੇ ਵਿਆਕੁਲ ਹੋਏ ਸਨ। ਫਿਰ ਵੀ ਉਨ੍ਹਾਂ ਉਸ ਦੀ ਅਰਾਧਨਾ ਕੀਤੀ। ਸਵਰਗੀ ਅਰਾਧਨਾ ਦੇ ਵਿੱਚ, ਚੌਵੀ ਬਜ਼ੁਰਗਾਂ ਨੇ ਉਸ ਦੇ ਅੱਗੇ ਮੱਥਾ ਟੇਕਿਆ ਜਿਹੜਾ ਸਿੰਘਾਸਣ ਤੇ ਬੈਠਾ ਹੋਇਆ ਸੀ। ਪਰਮੇਸ਼ੁਰ ਦੀ ਹਜ਼ੂਰੀ ਦਾ ਸਾਹਮਣਾ ਕਰਨ ਤੇ, ਅਸੀਂ ਇਹ ਜਵਾਬ ਦਿੰਦੇ ਹਾਂ: ਤੱਕਦੇ ਰਹਿਣਾ, ਅਚਰਜ ਨਾਲ ਪਿੱਛੇ ਤੁਰ ਪੈਣਾ, ਅਰਾਧਨਾ ਵਿੱਚ ਜਾਣਾ।

ਕੀ ਅਸੀਂ ਇਹ ਵੇਖਦੇ ਹਾਂ? ਕੀ ਅਸੀਂ ਅਚੰਭਾ ਕਰਦੇ ਹਾਂ? ਕੀ ਅਸੀਂ ਸੱਚਮੁੱਚ ਅਰਾਧਨਾ ਕਰ ਰਹੇ ਹਾਂ? ਕਿੰਨੀ ਵਾਰ ਅਸੀਂ ਬਿਨਾਂ ਮਹਿਸੂਸ ਕੀਤੇ ਹੀ ਸਾਡੇ ਨਾਲ ਅਜਿਹਾ ਹੁੰਦਾ ਕਿ, ਸਾਡੀਆਂ ਅੱਖਾਂ ਪਰਮੇਸ਼ੁਰ ਦੀ ਹਜ਼ੂਰੀ ਤੋਂ ਅੰਨ੍ਹਿਆਂ ਰਹਿੰਦੀਆਂ ਹਨ? ਜੇਕਰ ਅਸੀਂ ਹੀ ਪਹਿਲਾਂ ਨਹੀਂ ਵੇਖਦੇ ਤਾਂ ਆਪਾਂ ਕਿਵੇਂ ਸਚਿਆਈ ਵਿੱਚ ਅਰਾਧਨਾ ਕਰ ਸਕਦੇ ਹਾਂ? ਸਾਡੇ ਤੰਗ ਦਰਸ਼ਣ ਦੇ ਵਿੱਚ, ਬਹੁਤ ਵਾਰ ਅਸੀਂ ਇਹ ਭੁੱਲਦੇ ਹੋਏ ਸਿਰਫ ਅਸਹਿਮਤੀਆਂ ਨੂੰ ਹੀ ਵੇਖਦੇ ਹਾਂ, ਕਿ ਇੱਕ ਪ੍ਰਭੂ ਨੇ ਸਾਨੂੰ ਸਭਨਾਂ ਨੂੰ ਆਪਣੀ ਕਿਰਪਾ ਦਿੱਤੀ ਹੈ, ਅਤੇ ਇਹ ਕਿ ਅਸੀਂ ਇੱਕ ਆਤਮਾ ਦੀ ਸਾਂਝ ਰੱਖਦੇ ਹਾਂ ਜਿਹੜਾ ਸਾਨੂੰ ਏਕਤਾ ਵਿੱਚ ਲਿਆਉਂਦਾ ਹੈ। ਅਕਸਰ ਸਾਡੇ ਘਮੰਡ ਵਿੱਚ ਅਸੀਂ ਸਾਡੇ ਆਪਣੇ ਨਿਯਮਾਂ ਅਤੇ ਮਨੁੱਖੀ ਰਵਾਇਤਾਂ ਦੀ ਪਾਲਨਾ ਕਰਦੇ ਹਾਂ, ਜਦੋਂ ਕਿ ਅਕਸਰ ਅਸੀਂ ਉਸ ਪਿਆਰ ਨੂੰ ਰੱਦ ਕਰਦੇ ਹਾਂ ਜਿਹੜਾ ਅਸੀਂ ਮਸੀਹ ਦੇ ਲਹੂ ਦੁਆਰਾ, ਯਿਸੂ ਵਿੱਚ ਸਾਡੇ ਮੁਕਤੀਦਾਤੇ ਵਜੋਂ ਸਾਂਝੇ ਵਿਸ਼ਵਾਸ ਨਾਲ, ਧਰਮੀ ਠਹਿਰਾਏ ਗਏ ਇੱਕ ਲੋਕ ਹੋ ਕੇ ਵੰਡਣ ਲਈ ਸੱਦੇ ਗਏ ਹਾਂ।

ਪਵਿੱਤਰ ਆਤਮਾ ਦੇ ਦੁਆਰਾ ਜੀਵਤ ਕੀਤਾ ਹੋਇਆ ਇੱਕ ਸਮਾਜ ਹੋ ਕੇ, ਸਾਡੀਆਂ ਕਲੀਸਿਯਾਵਾਂ ਸਾਨੂੰ ਮਸੀਹ-ਬਾਲਕ ਦੇ ਅੱਗੇ ਇੱਕ ਲੋਕ ਵਜੋਂ ਉਸ ਨੂੰ ਸਿਜਦਾ ਕਰਨ ਲਈ ਇਕੱਠੇ ਚੱਲਣ ਦਾ ਸੱਦਾ ਦਿੰਦੀਆਂ ਹਨ। ਤਰਸ ਦਾ ਆਤਮਾ ਇੱਕ ਦੂਜੇ ਵੱਲ, ਅਤੇ ਇਕੱਠੇ ਸਾਡੇ ਇੱਕ ਪ੍ਰਭੂ ਵੱਲ ਸਾਡੀ ਅਗਵਾਈ ਕਰਦਾ ਹੈ। ਸਿਰਫ ਇਸ ਮਾਰਗਦਰਸ਼ਕ ਦੇ ਪਿੱਛੇ ਚੱਲਣ ਦੁਆਰਾ ਅਸੀਂ “ਆਤਮਾ ਅਤੇ ਸਚਿਆਈ ਦੇ ਵਿੱਚ ਅਰਾਧਨਾ” ਕਰਨ ਦੇ ਯੋਗ ਹੋਵਾਂਗੇ। ਪਰਮੇਸ਼ੁਰ ਦੇ ਵਿੱਚ ਸਾਡਾ ਭਵਿੱਖ ਏਕਤਾ ਅਤੇ ਪਿਆਰ ਦਾ ਇੱਕ ਭਵਿੱਖ ਹੈ; ਇਸ ਮੰਜਿਲ ਤੱਕ ਸਾਡਾ ਰਾਹ ਮਸੀਹ ਵਿੱਚ ਏਕਤਾ ਦੀ ਉਹੀ ਸਚਿਆਈ ਨੂੰ ਪਰਗਟ ਕਰਨਾ ਚਾਹੀਦਾ ਹੈ।

## ਪ੍ਰਾਰਥਨਾ

ਤਰਸਵਾਨ ਪਰਮੇਸ਼ੁਰ, ਤੁਸੀਂ ਅੰਨ੍ਹਿਆਂ ਨੂੰ ਤੁਹਾਨੂੰ ਆਪਣਾ ਮੁਕਤੀਦਾਤਾ ਕਰਕੇ ਪਛਾਣਨ ਲਈ ਨਜ਼ਰ ਦਿੱਤੀ, ਸਾਨੂੰ ਵੀ ਤੋਬਾ ਯੋਗ ਕਰੋ। ਆਪਣੀ ਦਯਾ ਦੇ ਵਿੱਚ, ਸਾਡੀਆਂ ਅੱਖੀਆਂ ਤੋਂ ਛਿਲਕੇ ਉਤਾਰ ਦਿਓ ਅਤੇ ਤੁਹਾਨੂੰ ਸਾਡਾ ਪਰਮੇਸ਼ੁਰ ਅਤੇ ਛੁਟਕਾਰਾ ਦੇਣ ਵਾਲਾ ਮੰਨ ਕੇ ਅਰਾਧਨਾ ਕਰਨ ਵਿੱਚ ਸਾਡੀ ਅਗਵਾਈ ਕਰੋ। ਸਾਡੇ ਦੁੱਖਾਂ ਦੇ ਵਿੱਚ ਵੀ ਅਤੇ ਸਾਡੇ ਘੋਰ ਪਾਪਾਂ ਦੇ ਬਾਵਜੂਦ ਵੀ, ਸਾਡੇ ਪੂਰੇ ਦਿਲਾਂ ਨਾਲ ਤੁਹਾਨੂੰ ਪਿਆਰ ਕਰਨ ਦੀ ਯੋਗਤਾ ਸਾਨੂੰ ਦਿਓ। ਸਾਡੀ ਇਕੱਠੇ ਯਾਤਰਾ ਤੁਹਾਡੇ ਚਾਨਣ ਦੁਆਰਾ, ਇੱਕ ਦਿਲ ਅਤੇ ਇੱਕ ਮਨ ਨਾਲ ਅਗਵਾਈ ਕੀਤੀ ਜਾਵੇ, ਉਵੇਂ ਹੀ ਜਿਵੇਂ ਕਿ ਪਹਿਲੇ ਚੇਲਿਆ ਦੀ ਸੀ। ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਸਾਡੇ ਉੱਤੇ ਹੋਵੇ, ਤਾਂ ਜੋ ਇਕੱਠੇ ਅਸੀਂ ਆਤਮਾ ਦੀ ਸੰਗਤੀ ਵਿੱਚ ਤੁਹਾਡੀ ਅਗਵਾਈ ਕਰ ਸਕੀਏ, ਅਤੇ ਉਹ ਜਿਹੜੇ ਸਾਡੇ ਆਲੇ-ਦੁਆਲੇ ਹਨ ਲਈ ਗਵਾਹ ਹੋ ਸਕੀਏ। ਆਮੀਨ।

# ਦਿਨ 7

### "ਅਤੇ ਉਨ੍ਹਾਂ, ਆਪਣੀਆਂ ਥੈਲੀਆਂ ਖੋਲ੍ਹ ਕੇ ਸੋਨਾ ਅਤੇ ਲੁਬਾਣ ਅਤੇ ਗੰਧਰਸ ਉਹ ਨੂੰ ਭੇਟ ਕੀਤੀ" (ਮੱਤੀ 2:11)

### *ਸੰਗਤੀ ਦੇ ਤੋਹਫੇ*

## ਵਚਨ ਪੜ੍ਹਨਾ

| | |
|---|---|
| ਹੋਸ਼ੇਆ 6:1-6 | ਮੈਂ ਦਯਾ ਚਾਹੁੰਦਾ ਹਾਂ ਨਾ ਕਿ ਬਲੀਦਾਨ |
| ਜ਼ਬੂਰ 100 | ਧੰਨਵਾਦ ਅਤੇ ਉਸਤਤ ਕਰਦੇ ਹੋਏ ਉਸ ਦੇ ਫਾਟਕਾਂ ਦੇ ਅੰਦਰ ਆਓ |
| ਰਸੂਲਾਂ 3:1-10 | ਸੋਨਾ ਚਾਂਦੀ ਤਾਂ ਮੇਰੇ ਕੋਲ ਹੈ ਨਹੀਂ, ਜੋ ਮੇਰੇ ਕੋਲ ਹੈ ਮੈਂ ਤੈਨੂੰ ਦਿੰਦਾ ਹਾਂ |
| ਮੱਤੀ 6:19-21 | ਜਿੱਥੇ ਤੁਹਾਡਾ ਧਨ ਹੈ, ਉੱਥੇ ਤੁਹਾਡਾ ਮਨ ਵੀ ਹੋਵੇਗਾ |

## ਮਨਨ

ਬੈਤਲਹਮ, ਰੋਟੀ ਦੇ ਸ਼ਹਿਰ ਨੂੰ ਸਾਡੀ ਯਾਤਰਾ ਦੇ ਵਿੱਚ, ਅਸੀਂ ਮਜੂਸੀਆਂ ਤੇ ਵਿਚਾਰ ਕੀਤਾ ਸੀ ਜਿਹੜੇ ਮਸੀਹ-ਬਾਲਕ ਨੂੰ ਆਪਣੀ ਭੇਟ ਚੜ੍ਹਾਉਣ ਆਏ ਸਨ। ਉਨ੍ਹਾਂ ਨੇ ਆਪਣੀਆਂ ਥੈਲੀਆਂ ਖੋਲ੍ਹੀਆਂ ਸਨ, ਅਤੇ ਸੋਨੇ, ਲੁਬਾਨ ਅਤੇ ਗੰਧਰਸ ਦੇ ਆਪਣੇ ਤੋਹਫੇ ਨਵ-ਜੰਮੇ ਰਾਜੇ ਨੂੰ ਭੇਟ ਕੀਤੇ ਸਨ।

ਸਾਡੀ ਇਤਹਾਸਿਕ ਵੰਡ, ਨਿਯਮਾਂ ਅਤੇ ਦਸਤੂਰਾਂ ਦੇ ਸਾਡੇ ਗਲਤ ਮਨ ਦੇ ਵਿਚਾਰਾਂ ਨੇ, ਅਤੇ ਸੰਸਾਰਿਕ ਮੁੱਦਿਆਂ ਤੇ ਸਾਡੀ ਪਹਿਲਾਂ ਤੋਂ ਹੀ ਸੋਚ ਨੇ, ਸਾਨੂੰ ਅੱਡ-ਅੱਡ ਕੀਤਾ ਹੋਇਆ ਹੈ। ਇਸ ਲਈ, ਅਸੀਂ ਉਸ ਰਾਜੇ ਨੂੰ ਭੇਟ ਚੜ੍ਹਾਉਣ ਦੇ ਲਈ ਕਿਹੜੇ ਤੋਹਫੇ ਤਿਆਰ ਕੀਤੇ ਹੋਏ ਹਨ ਜਿਹੜਾ ਸਾਡੇ ਜੀਵਨਾਂ ਨੂੰ ਪਰਕਾਸ਼ਮਾਨ ਕਰਨ ਅਤੇ ਏਕਤਾ ਦੀ ਕਿਰਪਾ ਵਿੱਚ ਸਾਡੀ ਅਗਵਾਈ ਕਰਨ ਲਈ ਆਉਂਦਾ ਹੈ? ਅਸੀਂ ਇਹ ਜਾਣਦੇ ਹਾਂ ਕਿ ਪਰਮੇਸ਼ੁਰ ਸਾਡੇ ਧਨ ਜਾਂ ਹੋਮ ਬਲੀਆਂ ਨੂੰ ਨਹੀਂ ਚਾਹੁੰਦਾ, ਪਰ ਇਸ ਦੀ ਬਜਾਏ ਉਸ ਦੀ ਸ਼ਕਤੀ ਸਾਡੀ ਗਰੀਬੀ ਰਾਹੀਂ ਵੀ ਕੰਮ ਕਰਦੀ ਹੈ। "ਸੋਨਾ ਚਾਂਦੀ ਤਾਂ ਮੇਰੇ ਕੋਲ ਹੈ ਨਹੀਂ।" ਪ੍ਰਭੂ ਸਾਡੇ ਦਿਲਾਂ ਦੀ ਧੜਕਣ ਅਤੇ ਪਿਆਰ ਨੂੰ ਚਾਹੁੰਦਾ ਹੈ: ਉਸ ਲਈ ਅਤੇ ਮਸੀਹ ਵਿੱਚ ਸਾਡੇ ਭੈਣਾਂ ਅਤੇ

ਭਰਾਵਾਂ ਲਈ ਪਿਆਰ ਨਾਲ ਭਰੇ ਹੋਏ ਦਿਲ ਜਿੰਨਾ ਤੋਂ ਅਸੀਂ ਅੱਡ ਹੋਏ ਹਾਂ; ਦਿਲ ਜਿਹੜੇ ਕਿ ਦਯਾ ਨਾਲ ਛਲਕਦੇ ਹੋਏ ਹੋਣ, ਅਤੇ ਦਿਲ ਜਿਹੜੇ ਕਿ ਪਛਚਾਤਾਪੀ ਅਤੇ ਬਦਲਾਅ ਦੀ ਇੱਛਾ ਰੱਖਦੇ ਹੋਣ।

ਇਸ ਲਈ ਆਓ ਅਸੀਂ ਉਸ ਵਾਸਤੇ ਪਿਆਰ ਨਾਲ ਇੱਕ ਭਰੇ ਹੋਏ ਦਿਲ ਨੂੰ ਤਿਆਰ ਕਰੀਏ। ਅਰਾਧਨਾ ਵਿੱਚ ਗੋਡੇ ਨਿਵਾਉਣਾ ਅਜਿਹੇ ਦਿਲਾਂ ਦੀ ਮੰਗ ਕਰਦਾ ਹੈ ਜਿਹੜੇ ਕਿ ਪਾਪ ਲਈ ਜਿਹੜਾ ਸਾਨੂੰ ਵੰਡਦਾ ਪਛਚਾਤਾਪੀ ਹੋਣ ਅਤੇ ਜਿਸ ਦੀ ਅਸੀਂ ਸੇਵਾ ਕਰਦੇ ਉਸ ਦੇ ਆਗਿਆਕਾਰੀ ਹੋਣ। ਇਹ ਆਗਿਅਕਾਰੀ ਉਸ ਸਭ ਵਿੱਚ ਜੋ ਮਸੀਹੀਆਂ ਵਜੋਂ ਸਾਡੇ ਵਿਚਕਾਰ ਟੁੱਟਾ ਹੋਇਆ ਅਤੇ ਸਾਡੇ ਵਿੱਚ, ਸਾਡੇ ਆਲੇ-ਦੁਆਲੇ, ਅਤੇ ਸਾਡੇ ਵਿਚਕਾਰ ਹੈ ਉਸ ਨੂੰ ਬਹਾਲ ਕਰਦਾ, ਚੰਗਾ ਕਰਦਾ ਅਤੇ ਮਿਲਾਪ ਕਰਦਾ ਹੈ।

## ਪ੍ਰਾਰਥਨਾ

ਹੇ ਪਰਮੇਸ਼ੁਰ, ਸਾਡੀ ਵਡਿਆਈ, ਮਹਿਮਾ ਅਤੇ ਧੰਨਵਾਦ ਤੇਰਾ ਹੀ ਹੈ। ਤੁਸੀਂ ਆਪਣੇ ਆਪ ਨੂੰ ਉਹ ਜਿਹੜੇ ਲੰਮੇ ਸਮੇਂ ਤੋਂ ਤੁਹਾਡੀ ਉਡੀਕ ਕਰ ਰਹੇ ਸਨ, ਅਤੇ ਜਿਹੜੇ ਤੁਹਾਡੀ ਉਮੀਦ ਨਹੀਂ ਕਰ ਰਹੇ ਸਨ ਦੋਹਾਂ ਲਈ, ਆਪਣੇ ਪੁੱਤਰ ਦੇ ਪ੍ਰਗਟੀਕਰਣ ਵਿੱਚ ਪਰਗਟ ਕੀਤਾ ਸੀ। ਤੁਸੀਂ ਉਨ੍ਹਾਂ ਦੁੱਖਾਂ ਨੂੰ ਜਾਣਦੇ ਹੋ ਜੋ ਸਾਡੇ ਆਲੇ ਦੁਆਲੇ ਹਨ, ਉਹ ਦਰਦ ਜਿਹੜਾ ਫੁੱਟ ਦੇ ਕਾਰਨ ਹੁੰਦਾ ਹੈ। ਤੁਸੀਂ ਸੰਸਾਰ ਨੂੰ ਸੰਘਰਸ਼ ਕਰਦੇ ਹੋਏ ਅਤੇ ਮਿਡਲ ਈਸਟ ਵਿੱਚ ਅੱਜ ਪਤਨ ਹੁੰਦੀ ਹੋਈ ਸਥਿਤੀ ਨੂੰ ਵੇਖਦੇ ਹੋ - ਉਹ ਸਥਾਨ ਜਿੱਥੇ ਤੁਸੀਂ ਪੈਦਾ ਹੋਣਾ ਚੁਣਿਆ ਸੀ, ਜਿਹੜਾ ਤੁਹਾਡੀ ਹਜ਼ੂਰੀ ਦੁਆਰਾ ਸ਼ੁੱਧ ਕੀਤਾ ਗਿਆ ਸੀ। ਅਸੀਂ ਮੰਗਦੇ ਹਾਂ ਕਿ ਤੁਸੀਂ ਸਾਡੇ ਦਿਲਾਂ ਅਤੇ ਸਾਡੇ ਮਨਾਂ ਨੂੰ ਤੁਹਾਨੂੰ ਜਾਣਨ ਦੇ ਯੋਗ ਕਰੋ। ਜਦੋਂ ਅਸੀਂ ਦੂਰੋਂ ਆਏ ਹੋਏ ਮਜੂਸੀਆਂ ਦੇ ਨਾਲ ਸ਼ਾਮਲ ਹੁੰਦੇ ਹਾਂ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਆਪਣੇ ਪਿਆਰ ਲਈ ਸਾਡੇ ਦਿਲਾਂ ਨੂੰ ਅਤੇ ਸਾਡੇ ਆਲੇ-ਦੁਆਲੇ ਸਾਡੇ ਭਰਾਵਾਂ ਅਤੇ ਭੈਣਾਂ ਦੇ ਲਈ ਪਿਆਰ ਨੂੰ ਖੋਲ੍ਹ ਦਿਓ। ਇਸ ਸੰਸਾਰ ਨੂੰ ਬਦਲਣ ਅਤੇ ਇੱਕ ਦੂਜੇ ਨੂੰ ਅਜਿਹੇ ਤੋਹਫੇ ਦੇਣ ਲਈ ਜਿਹੜੇ ਕਿ ਸਾਡੀ ਸੰਗਤੀ ਨੂੰ ਗੂੜ੍ਹਾ ਕਰਨਗੇ, ਉਸ ਪ੍ਰਤੀ ਕੰਮ ਕਰਨ ਲਈ ਇੱਛਾ ਅਤੇ ਸਾਧਨ ਸਾਨੂੰ ਦਿਓ। ਆਪਣੇ ਬੇਅੰਤ ਤੋਹਫੇ ਅਤੇ ਬਰਕਤਾਂ ਸਾਨੂੰ ਬਖਸ਼ ਦਿਓ। ਆਪਣੇ ਪੁੱਤਰ ਯਿਸੂ ਮਸੀਹ ਦੇ ਨਾਮ ਵਿੱਚ ਜਿਹੜਾ ਤੁਹਾਡੇ ਨਾਲ ਰਹਿੰਦਾ ਅਤੇ ਰਾਜ ਕਰਦਾ ਅਤੇ ਪਵਿੱਤਰ ਆਤਮਾ ਵਿੱਚ, ਸਾਡੀ ਪ੍ਰਾਰਥਨਾ ਨੂੰ ਕਬੂਲ ਕਰੋ। ਆਮੀਨ।

# ਦਿਨ 8

“ਓਹ ਹੋਰ ਰਸਤੇ ਆਪਣੇ ਦੇਸ ਨੂੰ ਮੁੜ ਗਏ” (ਮੱਤੀ 2:12)

*ਵੱਡੇ ਹੋਣ ਦੇ ਪ੍ਰਸਿੱਧ ਰਾਹਾਂ ਤੋਂ ਪਰੇ ਪਰਮੇਸ਼ੁਰ ਦੇ ਨਵੇਂ ਰਾਹ*

## ਵਚਨ ਪੜ੍ਹਨਾ

| | |
|---|---|
| ਯਿਰ. 31:31-34 | ਮੈਂ ਇਸਰਾਏਲ ਦੇ ਘਰਾਣੇ ਨਾਲ ਇੱਕ ਨਵਾਂ ਨੇਮ ਬੰਨ੍ਹਾਂਗਾ |
| ਜ਼ਬੂਰ 16 | ਤੂੰ ਮੈਨੂੰ ਜੀਵਨ ਦਾ ਰਾਹ ਵਿਖਾ |
| ਅਫ. 4:20-23 | ਆਪਣੇ ਮਨ ਦੇ ਸੁਭਾਅ ਵਿੱਚ ਨਵੇਂ ਹੋਵੋ |
| ਮੱਤੀ 11:25-30 | ਕਿਉਂਜੋ ਤੈਂ ਇਨ੍ਹਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਤੋਂ ਗੁਪਤ ਰੱਖਿਆ ਅਤੇ ਉਨ੍ਹਾਂ ਨੂੰ ਨਿਆਣਿਆਂ ਉੱਤੇ ਪਰਗਟ ਕੀਤਾ। |

## ਮਨਨ

ਅਸੀਂ ਇਹ ਜਾਣਦੇ ਹਾਂ ਕਿ ਬੁੱਧਵਾਨ ਮਨੁੱਖਾਂ ਨੇ ਕੀ ਸੋਚਿਆ ਹੋਊ – ਉਹ ਜਿਹੜੇ ਜੋਤਿਸ਼ ਵਿੱਦਿਆ ਅਤੇ ਰਾਹ ਜਾਣਨ ਵਿੱਚ ਮਾਹਿਰ ਸਨ – ਜਦੋਂ ਉਨ੍ਹਾਂ ਨੂੰ ਇੱਕ ਹੋਰ ਰਾਹ ਰਾਹੀਂ ਵਾਪਸ ਜਾਣ ਦੀ ਚੇਤਾਵਨੀ ਦਿੱਤੀ ਗਈ ਸੀ। ਉਹ ਬਹੁਤ ਹੀ ਜ਼ਿਆਦਾ ਉਲਝਣ ਵਿੱਚ ਪਏ ਹੋਣਗੇ, ਪਰ ਉਹੀ ਚਾਨਣ ਜਿਸ ਨੇ ਉਨ੍ਹਾਂ ਦੇ ਰਾਹ ਨੂੰ ਪਰਕਾਸ਼ਮਾਨ ਕੀਤਾ ਸੀ ਨੇ ਉਨ੍ਹਾਂ ਨੂੰ ਵਿਖਾਇਆ ਕਿ ਇੱਕ ਹੋਰ ਵੀ ਰਾਹ ਹੈ, ਇੱਕ ਹੋਰ ਸੰਭਾਵਾਨਾ। ਉਨ੍ਹਾਂ ਨੂੰ ਦਿਸ਼ਾ ਬਦਲਣ ਲਈ ਆਖਿਆ ਗਿਆ ਸੀ।

ਅਸੀਂ ਅਕਸਰ ਆਪਣੇ ਆਪ ਨੂੰ ਸਾਡੇ ਜਾਣੂ ਰਾਹਾਂ ਤੇ ਸੰਸਾਰ ਦੀਆਂ ਗੱਲਾਂ ਨੂੰ ਕਰਦੇ ਅਤੇ ਵੇਖਦੇ ਹੋਏ ਪਾਉਂਦੇ ਹਾਂ। ਜਦੋਂ ਇਹ ਰਾਹ ਜਾਂ 'ਮਾਰਗ' ਬੰਦ ਹੋ ਜਾਂਦੇ ਹਨ, ਅਸੀਂ ਅਚੰਭਾ ਕਰਦੇ ਹਾਂ ਕਿ ਕਿਵੇਂ ਅੱਗੇ ਵੱਧਣਾ ਅਤੇ ਯਾਤਰਾ ਨੂੰ ਜਾਰੀ ਰੱਖਣਾ ਹੈ। ਪਰਮੇਸ਼ੁਰ ਦਾ ਈਸ਼ਵਰੀ ਪ੍ਰਬੰਧ ਸਦਾ ਹੀ ਸਾਨੂੰ ਇਹ ਵਿਖਾਉਣ ਲਈ ਇੱਥੇ ਹੁੰਦਾ ਹੈ ਕਿ ਇੱਥੇ ਇੱਕ ਹੋਰ ਰਾਹ ਸਾਡੇ ਲਈ ਤਿਆਰ ਕੀਤਾ ਗਿਆ ਹੈ। ਪਰਮੇਸ਼ੁਰ ਆਪਣੇ ਨੇਮ ਨੂੰ ਨਵਾਂ ਕਰਨ ਲਈ ਅਤੇ ਜਦੋਂ ਅਸੀਂ ਸਾਡੇ ਆਪਣੇ ਰਾਹ ਵਿੱਚ ਕਿਸੇ ਰੁਕਾਵਟ ਦਾ ਸਾਹਮਣਾ ਕਰਦੇ ਹਾਂ ਤਾਂ ਸਾਡੀ ਨਿਰਾਸ਼ਾ ਤੋਂ ਸਾਨੂੰ ਕੱਢਣ ਲਈ ਇੱਥੇ ਹੁੰਦਾ ਹੈ। ਸਾਨੂੰ ਸਿਰਫ ਇਹ ਭਰੋਸਾ ਕਰਨਾ ਹੈ ਕਿ ਸਦੀਪਕ ਪ੍ਰਭੂ ਜਿਸ ਨੇ ਸਾਨੂੰ ਚਾਨਣ ਦਿੱਤਾ ਹੈ, ਉਹ ਸਦਾ ਅੱਗੇ ਵੱਧਣ ਵਾਲੇ ਇੱਕ ਰਾਹ ਨੂੰ ਲੱਭ ਸਕਦਾ ਹੈ ਜਦੋਂ ਸਾਡਾ ਰਾਹ ਅਤੇ ਮਾਰਗ ਬੰਦ ਹੁੰਦਾ ਹੈ। ਇੱਕ ਨਵਾਂ ਅਰੰਭ ਸਦਾ ਉਦੋਂ ਸੰਭਵ ਹੁੰਦਾ ਹੈ ਜਦੋਂ ਅਸੀਂ ਆਤਮਾ ਦੇ ਕੰਮ ਲਈ ਇਛੁੱਕ ਅਤੇ ਤਿਆਰ ਹੁੰਦੇ ਹਾਂ। ਕਲੀਸਿਯਾਵਾਂ ਹੁੰਦੇ ਹੋਏ ਅਸੀਂ ਅਤੀਤ ਵੱਲ ਵੇਖਦੇ ਅਤੇ ਪਰਕਾਸ਼ ਨੂੰ ਵੇਖਦੇ ਹਾਂ ਅਤੇ ਅਸੀਂ ਨਵੇਂ ਰਾਹਾਂ ਦੀ ਖੋਜ ਲਈ ਸਾਡੇ ਭਵਿੱਖ ਵੱਲ ਵੇਖਦੇ ਹਾਂ ਤਾਂ ਜੋ ਅਸੀਂ ਨਵੀਂ ਕਿਰਪਾ ਦੇ ਨਾਲ ਇੰਜੀਲ ਦੇ ਚਾਨਣ ਨੂੰ ਚਮਕਾਉਣਾ ਜਾਰੀ ਰੱਖੀਏ ਅਤੇ ਇੱਕ ਦੂਜੇ ਦਾ ਉਵੇਂ ਹੀ ਸੁਆਗਤ ਕਰੀਏ ਜਿਵੇਂ ਕਿ ਮਸੀਹ ਨੇ ਪਰਮੇਸ਼ੁਰ ਦੀ ਮਹਿਮਾ ਵਿੱਚ ਸਾਡਾ ਸੁਆਗਤ ਕੀਤਾ ਸੀ।

ਪੁਰਾਣੇ ਪ੍ਰਸਿੱਧ ਰਾਹ ਤੇ ਮਸੀਹੀ ਸਮਾਜ ਇੱਕ ਦੂਜੇ ਤੋਂ ਅੱਡ ਹੋ ਕੇ ਚੱਲਦੇ ਆਏ ਹਨ। ਨਵੇਂ ਰਾਹ ਤੇ ਜਿਸ ਤੇ ਪਰਮੇਸ਼ੁਰ ਸਾਨੂੰ ਸੱਦਾ ਦਿੰਦਾ ਹੈ, ਮਸੀਹੀ ਇਕੱਠੇ ਚੱਲਦੇ ਹਨ ਅਤੇ ਯਾਤਰੀਆਂ ਦੇ ਸਾਥੀ ਬਣ ਜਾਂਦੇ ਹਨ। ਇਨ੍ਹਾਂ ਨਵੇਂ ਰਾਹਾਂ ਨੂੰ ਲੱਭਣਾ ਸਿਆਣਪ, ਹਲੀਮਤਾ ਅਤੇ ਦਲੇਰੀ ਦੀ ਮੰਗ ਕਰਦਾ ਹੈ। ਹੁਣ ਬਦਲਾਅ ਦਾ ਅਤੇ ਮੇਲ-ਮਿਲਾਪ ਦਾ ਸਮਾਂ ਹੈ।

## ਪ੍ਰਾਰਥਨਾ

ਦਿਯਾਲੂ ਪਰਮੇਸ਼ੁਰ, ਜਦੋਂ ਅਸੀਂ ਸਿਰਫ ਸਾਡੇ ਰਾਹ ਨੂੰ ਜਾਣਦੇ ਅਤੇ ਸੋਚਦੇ ਹਾਂ ਕਿ ਅਸੀਂ ਇਸੇ ਤੇ ਹੀ ਵਾਪਸ ਮੁੜਨਾ ਹੈ, ਅਤੇ ਜਦੋਂ ਅਸੀਂ ਇਹ ਸੋਚਦੇ ਹਾਂ ਕਿ ਸਾਰੀਆਂ ਸੜਕਾਂ ਬੰਦ ਹਨ, ਅਤੇ ਅਸੀਂ ਨਿਰਾਸ਼ਾ ਵਿੱਚ ਡਿੱਗ ਜਾਂਦੇ ਹਾਂ, ਤਾਂ ਅਸੀਂ ਸਦਾ ਤੁਹਾਨੂੰ ਸਾਡੇ ਨਾਲ ਹੀ ਪਾਉਂਦੇ ਹਾਂ। ਤੁਸੀਂ ਨਵੇਂ ਵਾਇਦਿਆਂ ਦੇ ਪਰਮੇਸ਼ੁਰ ਹੋ। ਅਸੀਂ ਸਾਡੇ ਸਾਹਮਣੇ ਤੁਹਾਨੂੰ ਇੱਕ ਨਵਾਂ ਰਾਹ ਉਤਪੰਨ ਕਰਦੇ ਹੋਏ ਵੇਖਦੇ ਹਾਂ, ਉਹ ਜਿਸ ਦੀ ਅਸੀਂ ਉਮੀਦ ਨਹੀਂ ਕੀਤੀ ਸੀ। ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿਉਂਕਿ ਤੁਸੀਂ ਸਾਡੀਆਂ ਉਮੀਦਾਂ ਤੋਂ ਅੱਗੇ ਹੋ। ਅਸੀਂ ਤੁਹਾਡੀ ਬੁੱਧ ਦੇ ਲਈ ਧੰਨਵਾਦ ਕਰਦੇ ਹਾਂ ਜਿਹੜੀ ਸਾਡੀ ਸਮਝ ਤੋਂ ਪਰੇ ਹੈ। ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿਉਂਕਿ ਤੁਹਾਡੇ ਕਿਰਿਆਸ਼ੀਲ ਰਾਹ ਦੀਆਂ ਅਦਿੱਖ ਸੰਭਾਵਨਾਵਾਂ ਨੂੰ ਖੋਲ੍ਹ ਦਿੰਦੇ ਹਨ। ਜੇਕਰ ਅਸੀਂ ਸਾਡੇ ਨਕਸ਼ਿਆਂ ਨੂੰ ਖੋਜੀਏ ਅਤੇ ਕੋਈ ਰਾਹ ਨਾ ਵੇਖੀਏ, ਫਿਰ ਵੀ ਅਸੀਂ ਤੈਨੂੰ ਉੱਥੇ ਜਰੂਰ ਵੇਖਦੇ ਹਾਂ, ਜਿਹੜਾ ਇੱਕ ਹੋਰ ਵੀ ਜ਼ਿਆਦਾ ਉੱਤਮ ਰਾਹ ਵੱਲ ਸਾਡੀ ਅਗਵਾਈ ਕਰਦਾ ਹੈ। ਅਸੀਂ ਸਾਡੇ ਪ੍ਰਭੂ ਯਿਸੂ ਮਸੀਹ ਰਾਹੀਂ, ਪਵਿੱਤਰ ਆਤਮਾ ਦੀ ਸੰਗਤੀ ਵਿੱਚ ਪ੍ਰਾਰਥਨਾ ਕਰਦੇ ਹਾਂ, ਕਿ ਤੁਸੀਂ ਸਦਾ ਸਾਡੀ ਵਾਪਸ ਤੁਹਾਡੇ ਵੱਲ ਅਗਵਾਈ ਕਰੋਗੇ। ਆਮੀਨ।

# ਮਿਡਲ ਈਸਟ ਕਲੀਸਿਯਾਵਾਂ ਦਾ ਪਰਿਸ਼ਦ[4]

---

ਮਿਡਲ ਈਸਟ ਕਲੀਸਿਯਾਵਾਂ ਦਾ ਪਰਿਸ਼ਦ (MECC) ਇੱਕ ਕਲੀਸਿਯਾਵਾਂ ਦੀ ਸੰਗਤੀ ਹੈ ਜਿਹੜੀਆਂ ਪ੍ਰਭੂ ਯਿਸੂ ਮਸੀਹ ਵਿੱਚ ਪਵਿੱਤਰ ਵਚਨਾਂ ਅਤੇ ਮਸੀਹੀ ਰਵਾਇਤ ਦੇ ਨਾਲ ਮੇਲ ਵਿੱਚ ਇਸ ਵਿਸ਼ਵਾਸ ਦੀ ਸਾਂਝ ਰੱਖਦੀਆਂ ਹਨ ਕਿ ਉਹੀ ਪਰਮੇਸ਼ੁਰ ਅਤੇ ਛੁਟਕਾਰਾ ਦੇਣ ਵਾਲਾ ਹੈ। 1974 ਵਿੱਚ ਇਸ ਦੀ ਸਥਾਪਨਾ ਹੋਈ, ਕੌਂਸਿਲ ਨੀਅਰ ਈਸਟ ਕੌਂਸਿਲ ਆਫ ਚਰਚਸ ਦਾ ਇਹ ਨਵਾਂ ਰੂਪ ਸੀ (ਜਿਸ ਦੀ ਸਥਾਪਨਾ 1962 ਦੇ ਵਿੱਚ ਹੋਈ ਸੀ)। ਕੌਂਸਿਲ ਇੱਕ ਖੇਤਰੀ ਕਲੀਸਿਯਾਵਾਂ ਦਾ ਸਮੂਹ ਹੈ, ਜਿਹੜਾ ਕਲੀਸਿਯਾਵਾਂ ਨੂੰ ਉਸ ਇਲਾਕੇ ਵਿੱਚ ਜਿੱਥੇ ਕਿ ਮਸੀਹ ਪੈਦਾ ਹੋਇਆ, ਜੀਵਨ ਬਿਤਾਇਆ, ਮਰ ਗਿਆ, ਦਫਨਾਇਆ ਗਿਆ ਅਤੇ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਤੇ ਇੱਕ ਸਾਂਝੇ ਮਸੀਹੀ ਗਵਾਹ ਹੋਣ ਲਈ ਕਲੀਸਿਯਾਵਾਂ ਨੂੰ ਇਕੱਠਾ ਕਰਦੀ ਹੈ। ਭੂੰਗਲਿਕ ਤੌਰ ਤੇ MECC's ਦਾ ਕੰਮ ਈਰਾਨ ਤੋਂ ਲੈ ਕੇ ਪੂਰੀ ਵਿੱਚ ਖਾੜੀ ਦੇਸ ਤੱਕ, ਮੈਡੀਟੇਰੀਅਨ ਸਮੁੰਦਰ ਤੋਂ ਲੈ ਕੇ ਪੱਛਮ ਵਿੱਚ ਮਿਸਰ ਤੱਕ ਫੈਲਿਆ ਹੋਇਆ ਹੈ। ਇਸ ਦੀ ਸ਼ੁਰੂਆਤ ਤਿੰਨ ਕਲੀਸਿਯਾਵਾਂ ਦੇ ਪਰਿਵਾਰਾਂ ਦੇ ਨਾਲ ਸ਼ੁਰੂ ਹੋਈ ਸੀ: ਇੰਵੇਜਲੀਕਲ, ਓਰੀਏਂਟਲ ਔਰਥੋਡੋਕਸ ਅਤੇ ਈਸਟਰਨ ਔਰਥੋਡੋਕਸ। 1990 ਦੇ ਵਿੱਚ, ਕੈਥੋਲਿਕ ਕਲੀਸਿਯਾਵਾਂ ਦਾ ਪਰਿਵਾਰ ਵੀ ਕੌਂਸਿਲ ਵਿੱਚ ਸ਼ਾਮਲ ਹੋਇਆ, ਅਤੇ ਇੱਕ ਚੌਥਾ ਪਰਿਵਾਰ ਬਣ ਗਿਆ। ਇਕੱਠੇ ਇਨ੍ਹਾਂ ਕਲੀਸਿਯਾਵਾਂ ਨੇ ਆਪਣੇ ਸਾਂਝੇ ਮਿਸ਼ਨ ਨੂੰ ਪੂਰਾ ਕਰਨ ਨੂੰ ਭਾਲਿਆ ਅਤੇ ਇੱਕ ਪਰਮੇਸ਼ੁਰ ਦੀ ਮਹਿਮਾ ਲਈ ਆਪਣੀ ਇਛੁੱਕ ਏਕਤਾ ਨੂੰ ਪਛਾਣਿਆ।

## ਮਿਸ਼ਨ

ਖੇਤਰ ਦੇ ਵਿੱਚ ਮਸੀਹੀ ਹਜ਼ੂਰੀ ਦੇ ਯਥਾਰਥ ਪ੍ਰਗਟਾਅ ਵਜੋਂ, ਕੌਂਸਿਲ ਦਾ ਮਿਸ਼ਨ ਮਿਡਲ ਈਸਟ ਵਿੱਚ ਕਲੀਸਿਯਾਵਾਂ ਦੇ ਵਿਚਕਾਰ ਦਰਸ਼ਣਾਂ, ਦ੍ਰਿਸ਼ਟੀਕੌਣਾਂ ਅਤੇ ਰਵੱਈਏ ਦੇ ਵੱਖ ਹੋਣ ਤੇ ਵੀ, ਖਾਸ ਕਰਕੇ ਮਸੀਹੀ-ਮੁਸਲਮਾਨ ਸੰਬੰਧਾਂ ਅਤੇ ਮਸੀਹੀ ਹਜ਼ੂਰੀ ਅਤੇ ਗਵਾਹ ਸੰਬੰਧੀ ਮੁੱਦਿਆਂ ਤੇ, ਏਕਤਾ ਦੇ ਪ੍ਰਤੀ ਕੰਮ ਕਰਨਾ ਹੈ। ਖਾਸ ਕਰਕੇ, ਕੌਂਸਿਲ ਦਾ ਮਿਸ਼ਨ ਜੋ ਅੱਜ ਵੇਖਿਆ ਜਾਂਦਾ ਉਹ ਇਹ ਹੈ:

- **ਰੁਕਾਵਟਾਂ ਅਤੇ ਪੂਰਵ ਧਾਰਣਾਵਾਂ ਨੂੰ ਹਟਾਉਂਦਾ, ਕਲੀਸਿਯਾਵਾਂ ਵਿਚਕਾਰ ਇੱਕ ਪੁੱਲ, ਅਤੇ ਜੀ ਉੱਠੇ ਪ੍ਰਭੂ ਲਈ ਇੱਕ ਸਾਂਝੇ ਗਵਾਹ ਦਾ ਨਿਰਮਾਣ।** ਇੱਕ ਵਿਸ਼ਵਵਿਆਪੀ ਦੇਹ ਹੁੰਦੇ ਹੋਏ, MECC ਮਿਡਲ ਈਸਟ ਵਿੱਚ ਕਲੀਸਿਯਾਵਾਂ ਦੇ ਵੱਡੇ ਬਹੁਮਤ ਨੂੰ ਇਕੱਠੇ ਹੋਣ, ਪ੍ਰਾਰਥਨਾ ਕਰਨ, ਮਨਨ ਕਰਨ, ਵਿਸ਼ੇਸ਼ਲਣ ਕਰਨ, ਅਤੇ ਇੱਕ ਸਾਂਝੀ ਅਵਾਜ ਵਿੱਚ ਬੋਲਣ, ਅਤੇ ਇਕੱਠੇ ਕੰਮ ਕਰਨ ਅਤੇ ਗਵਾਹ ਹੋਣ ਦੇ ਇੱਕ ਸਥਾਨ ਦਾ ਪ੍ਰਬੰਧ ਕਰਦੇ ਹੋਏ ਉਨ੍ਹਾਂ ਨੂੰ ਇਕੱਠੇ ਕਰ ਰਿਹਾ ਹੈ।
- **ਇਲਾਕੇ ਵਿੱਚ ਹੋਰ ਧਰਮ ਦੇ ਲੋਕਾਂ ਅਤੇ ਮਸੀਹੀਆਂ ਵਿਚਕਾਰ ਇੱਕ ਪੁੱਲ, ਖਾਸ ਕਰਕੇ ਮੁਸਲਮਾਨਾਂ ਨਾਲ।** MECC ਮੁਸਲਮਾਨਾਂ ਨਾਲ ਦੋਸਤੀ ਮਜ਼ਬੂਤ ਅਤੇ ਗੂੜ੍ਹ ਕਰਨ ਅਤੇ ਮਨੁੱਖਤਾ ਦੇ ਭਲੇ ਲਈ ਲੋਕਾਂ ਵਿਚਕਾਰ ਸ਼ਾਂਤੀ ਲਈ ਗੱਲਬਾਤ ਕਰਨ ਅਤੇ ਭਾਈਵਾਲੀ ਤੇ ਜ਼ੋਰ ਦਿੰਦਾ ਅਤੇ ਵਿਕਸਿਤ ਕਰਦਾ ਹੈ।

---

[4] This text is reproduced under the sole authority and responsibility of Middle East Council of Churches which wrote the source texts for the Week of Prayer for Christian Unity 2022.

- **ਮਿਡਲ ਈਸਟ ਅਤੇ ਬਾਕੀ ਦੇ ਮਸੀਹੀ ਸੰਸਾਰ ਵਿਚਕਾਰ ਇੱਕ ਪੁਲ।** MECC ਆਪਣੇ ਇਲਾਕੇ ਵਿੱਚ ਅਤੇ ਹੋਰਨਾਂ ਜਗ੍ਹਾਵਾਂ ਤੇ ਮਸੀਹ ਵਿੱਚ ਆਪਣੇ ਭੈਣਾਂ ਅਤੇ ਭਰਾਵਾਂ ਵਿਚਕਾਰ ਇੱਕ ਵਿਚੋਲਾ ਹੋਣ ਨੂੰ ਭਾਲਦਾ ਹੈ।

## ਮਿਡਲ ਈਸਟ ਵਿੱਚ ਵਿਸ਼ਵਵਿਆਪੀ ਅਸਲੀਅਤ ਅਤੇ ਚੁਣੌਤੀਆਂ

ਜਟਿਲ ਭੂਗੌਲਿਕ ਸਥਿਤੀਆਂ, ਵਿਸ਼ਵ ਵਿਆਪੀ, ਖੇਤਰੀ ਅਤੇ ਸਥਾਨਕ ਚੁਣੌਤੀਆਂ ਦੇ ਬਾਵਜੂਦ, ਮਿਡਲ ਈਸ਼ਟ ਕੌਂਸਿਲ ਆਫ ਚਰਚਸ ਮਿਡਲ ਈਸਟ ਦੇ ਵਿੱਚ ਅਧਿਆਤਮਕ ਅਤੇ ਕਲੀਸਿਯਾਵਾਂ ਮਨਨ ਨੂੰ ਉਨੱਤ ਕਰਨ ਲਈ ਦ੍ਰਿੜ ਨਿਸ਼ਚੇ ਕੀਤੀ ਹੋਈ ਹੈ। ਇਹ ਇਸ ਮਿਸ਼ਨ ਨੂੰ ਖਾਸ ਕਰਕੇ ਕਲੀਸਿਯਾਈ ਸਿਖਲਾਈ, ਸੰਚਾਰ ਅਤੇ ਨੈਟਵਰਕਿੰਗ ਰਾਹੀਂ ਮਜ਼ਬੂਤ ਕਰਦੀ ਹੈ। ਕੌਂਸਿਲ ਵਾਰਤਾਲਾਪ ਨੂੰ ਸਿਰਫ ਸ਼ਾਂਤੀ ਦੀਆਂ ਪਹਿਲਾਂ ਨੂੰ ਵਿਕਸਿਤ ਕਰਦੀ ਹੈ। ਇਸ ਤੋਂ ਇਲਾਵਾ, MECC ਸਭ ਤੋਂ ਜ਼ਿਆਦਾ ਕਮਜ਼ੋਰ ਵਿਅਕਤੀਆਂ ਨੂੰ ਬੁਨਿਆਦੀ ਲੋੜਾਂ ਅਤੇ ਅਧਿਕਾਰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਦੇ ਦੁਆਰਾ ਕਲੀਸਿਯਾਈ, ਮਨੁੱਖਤਾ ਅਤੇ ਵਿਕਾਸਾਤਮਕ ਕੋਸ਼ਿਸ਼ਾਂ ਦੀ ਭਾਲ ਕਰਦੀ ਹੈ। ਉਸ ਭਰੋਸੇ ਲਈ ਧੰਨਵਾਦ ਜਿਸ ਦਾ MECC ਅਨੰਦ ਮਾਣਦੀ ਹੈ, ਅਤੇ ਜਿਹੜਾ ਕਈ ਸਾਲਾਂ ਤੋਂ ਨਿਰਮਾਣ ਹੋਇਆ ਹੈ, ਇਸ ਦੇ ਕੰਮ ਵਿੱਚ ਮੈਂਬਰ ਕਲੀਸਿਯਾਵਾਂ ਦੁਆਰਾ ਅਤੇ ਨਾਲ ਹੀ ਕਲੀਸਿਯਾਈ ਅਤੇ ਵਿਸ਼ਵ ਵਿਆਪੀ ਭਾਈਵਾਲ ਕਲੀਸਿਯਾਵਾਂ ਦੁਆਰਾ ਦਿਯਾਲੂ ਯੋਗਦਾਨਾਂ ਤੋਂ ਸਹਾਇਤਾ ਪ੍ਰਾਪਤ ਕਰਦਾ ਹੈ। MECC ਆਪਣੇ ਉਦੇਸ਼ਾਂ ਵਿੱਚ ਜਿਨ੍ਹਾਂ ਦਾ ਨਿਸ਼ਾਨਾ ਮਨੁੱਖੀ ਸਨਮਾਨ ਅਤੇ ਪਰਮੇਸ਼ੁਰ ਦੀ ਸਰਿਸ਼ਟੀ ਲਈ ਦੇਖਭਾਲ ਨੂੰ ਕਾਇਮ ਰੱਖਣਾ ਹੈ ਵਿੱਚ ਲੱਗੇ ਰਹਿਣ ਅਤੇ ਪੂਰਾ ਕਰਨ ਵਿੱਚ ਭਾਈਵਾਲਾ ਦੁਆਰਾ ਨਿਭਾਈਆਂ ਜਾਂਦੀਆਂ ਹੋਈਆਂ ਭੂਮਿਕਾਵਾਂ ਨੂੰ ਪਛਾਣਦਾ ਹੈ।

ਮਿਡਲ ਈਸਟ ਕੌਂਸਿਲ ਆਫ ਚਰਚਸ ਦੀ ਇਕੱਤਰ ਕਰਨ ਲਈ ਇਸ ਦੀ ਖੇਤਰੀ ਕਲੀਸਿਯਾਈ ਪਹੁੰਚ ਸਰਬਉੱਚ ਹੈ ਅਤੇ ਇਹ ਕਲੀਸਿਯਾਵਾਂ ਦੀ ਅਵਾਜ ਨੂੰ ਸਾਰੇ ਖੇਤਰੀ ਅਤੇ ਅੰਤਰਰਾਸ਼ਟਰੀ ਫੋਰਮ ਵਿੱਚ ਸੁਣੇ ਜਾਣ ਵਾਲਾ ਬਣਾਉਣ ਲਈ ਸਮਰਪਿਤ ਹੈ। "ਨਾਗਰਿਕਤਾ ਵਿੱਚ ਹਿੱਸੇਦਾਰੀ" ਤੇ ਅਧਾਰਿਤ ਨਵੀਂ ਪਹੁੰਚ ਵਿੱਚ ਭਾਗ ਲੈਣ ਦੇ ਨਾਲ ਭਾਈਵਾਲਾਂ ਨਾਲ ਵਾਰਤਾਲਾਪ ਵਿੱਚ, ਇਹ ਭਿੰਨਤਾ ਨੂੰ ਸਵੀਕਾਰ ਕਰਦੀ, ਅਤੇ ਰਸੂਲੀ ਮਿਸ਼ਨ ਨੂੰ ਬਲ ਦੇਣ, ਗਵਾਹ ਹੋਣ ਅਤੇ ਖੇਤਰ ਵਿੱਚ ਮਸੀਹੀ ਨਿਰਮਾਣਾਤਮਕ ਭੂਮਿਕਾ ਲਈ ਸੇਵਾ ਕਰਦੀ ਹੈ। ਅਜਿਹੀਆਂ ਪਹਿਲਾਂ ਵਿਚਾਰਧਾਰਾਵਾਂ ਅਤੇ ਕੱਟੜਪੰਥੀ ਭਿੰਨਤਾਵਾਂ ਤੋਂ ਅੱਗੇ ਮ੍ਰਿਸ਼ਤ ਸੱਭਿਆਚਾਰ ਦੇ ਦ੍ਰਿਸ਼ਟੀਕੋਣਾਂ ਅਤੇ ਕਦਰਾਂ-ਕੀਮਤਾਂ ਦੀ ਅਦਲਾ-ਬਦਲੀ ਲਈ ਰਾਹ ਨੂੰ ਤਿਆਰ ਕਰਦੀਆਂ ਹਨ।

ਇਸ ਤੋਂ ਇਲਾਵਾ, ਮਿਡਲ ਈਸਟ ਦੇ ਵਿੱਚ ਕਲੀਸਿਯਾਵਾਂ ਭਿੰਨ-ਭਿੰਨ ਚੁਣੌਤੀਆਂ ਦਾ ਸਾਹਮਣਾ ਕਰਦੀਆਂ ਹਨ ਜੋ ਕਿ ਉਨ੍ਹਾਂ ਦੇ ਕਲੀਸਿਯਾਈ ਜੀਵਨ ਅਤੇ ਗਵਾਹੀ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਦੀ ਇਲਾਕੇ ਦੇ ਇਤਹਾਸ ਵਿੱਚ ਡੂੰਘੀਆਂ ਜੜ੍ਹਾਂ ਹਨ, ਇਸ ਦਾ ਧਾਰਮਿਕ ਅਤੇ ਸੱਭਿਆਚਾਰਕ ਰਵਾਇਤਾਂ, ਕ੍ਰਮਅਨੁਸਾਰ ਆਰਥਿਕ ਔਖੀਆਂ ਸਥਿਤੀਆਂ ਅਤੇ ਭੂਗੋਲਿਕ ਰਾਜਨੀਤਿਕ ਸ਼ਕਤੀ ਦਾ ਸੰਘਰਸ਼ ਵੀ ਹੈ ਜਿਹੜਾ ਨਿਰੰਤਰ ਇਲਾਕੇ ਨੂੰ ਪ੍ਰਭਾਵਿਤ ਕਰਦਾ ਹੈ। ਸਭ ਤੋਂ ਪਹਿਲੀ ਅਤੇ ਵਿਸ਼ੇਸ਼ ਵਰਤਮਾਨ ਚੁਣੌਤੀ ਇਲਾਕੇ ਦੇ ਵਿੱਚ ਮਸੀਹੀ ਹਜ਼ੂਰੀ ਦੀ ਨਿਰੰਰਤਤਾ ਨਾਲ ਸੰਬੰਧਤ ਹੈ। 1948 ਦੇ ਵਿੱਚ ਫਿਲਸਤੀਨੀ ਨਕਬਾ ਤੋਂ ਹੀ ਕਈ ਦਹਾਕਿਆਂ ਤੋਂ ਲੰਮੀਆਂ ਲੜਾਈਆਂ ਅਤੇ ਰਾਜਨੀਤਿਕ ਉਥਲ-ਪੁਥਲ ਇਲਾਕੇ ਦੇ ਵੱਖ-ਵੱਖ ਦੇਸ਼ਾਂ ਵਿੱਚ ਹੁੰਦੀ ਆਈ ਹੈ, ਜਿਵੇਂ ਕਿ ਲੇਬਨੋਨ, ਇਰਾਕ, ਇਰਾਨ, ਸੀਰੀਆ, ਅਤੇ ਮਿਸਰ ਵਿੱਚ, ਮਸੀਹੀਆਂ ਦੇ ਜਾਣ ਦਾ ਰੁਝਾਨ ਵੱਧ ਰਿਹਾ ਹੈ, ਇਸ ਤਰ੍ਹਾਂ, ਇਹ ਵਫ਼ਦਾਰਾਂ ਦੀ ਗਿਣਤੀ ਨੂੰ ਬਹੁਤ ਘਟਾ ਰਿਹਾ ਹੈ ਅਤੇ ਮਸੀਹੀ ਹਜ਼ੂਰੀ ਦੀ ਸਥਿਰਤਾ ਨੂੰ ਖਤਰੇ ਵਿੱਚ ਪਾ ਰਿਹਾ ਹੈ।

ਫਿਰ ਵੀ, ਜਿਵੇਂ ਕਿ ਸਥਿਰਤਾ ਅਤੇ ਪਤਨ ਦੇ ਇਹ ਪੜਾਅ ਚੱਲਦੇ ਹਨ, ਮਿਡਲ ਈਸਟ ਇਲਾਕੇ ਦੇ ਵਿੱਚ ਮਸੀਹੀਅਤ ਦੇ ਲੰਮੇ ਇਤਿਹਾਸ ਨੇ ਵੀ ਬਹਾਲੀ ਅਤੇ ਮੁੜ ਜਨਮ ਦੇ ਪੜਾਅ ਵੇਖੇ ਹੋਏ ਹਨ। ਜਦੋਂ ਕਿ ਕੁਝ ਮਿਡਲ ਈਸਟ ਵਿੱਚ ਅਲੋਪ ਹੁੰਦੀ ਮਸੀਹੀਅਤ ਤੇ ਕੇਂਦਰਿਤ ਹੁੰਦੇ ਹਨ, ਦੂਜੇ ਹੋਰ ਗਵਾਹੀ ਦੇਣ ਅਤੇ ਆਤਮਿਕ ਜੀਵਨ ਦੀ ਗੁਣਵੱਤਾ ਤੇ ਬਲ ਦਿੰਦੇ ਹਨ ਜੋ ਇਨ੍ਹਾਂ ਸਮਾਜਾਂ ਨੂੰ ਸਜੀਵ ਬਣਾਉਂਦੀ ਹੈ। ਇਹ ਦੋ ਵਿਚਾਰਧਾਰਾਵਾਂ ਆਪਸੀ ਮੇਲ ਤੋਂ ਕਿਤੇ ਦੂਰ ਹਨ। ਉਹ ਆਪੋਂ ਵਿੱਚੋਂ ਇੱਕ ਦੂਜੇ ਨਾਲ ਸੰਬੰਧਤ ਹਨ ਕਿਉਂਕਿ ਮਸੀਹੀ ਹਜ਼ੂਰੀ ਦਾ ਸਿਰਫ ਉਦੋਂ ਹੀ ਫਾਇਦਾ ਹੈ ਜੇਕਰ ਇਹ ਮਿਸ਼ਨ ਵਜੋਂ ਸੇਵਾ ਕਰਦੀ ਹੈ। ਇਸ ਖੇਤਰ ਵਿੱਚ ਅੱਜ ਮਸੀਹੀਆਂ ਦਾ ਮੁੱਖ ਮਕਸਦ ਆਪਣੀ ਭਿੰਨਤਾ ਨੂੰ ਸੁਰੱਖਿਅਤ ਰੱਖਦੇ ਹੋਏ ਨਾਗਰਿਕਤਾ ਵਿੱਚ ਆਪਣੀ ਭਾਈਵਾਲੀ ਨਾਲ ਇਕੱਠੇ ਗਵਾਹ ਹੋਣ ਦੀ ਯੋਗਤਾ ਵਿੱਚ ਹੈ, ਭਾਵੇਂ ਕਿ ਮਨੁੱਖੀ, ਕਲੀਸਿਯਾਈ ਜਾਂ ਹੋਰਨਾਂ ਧਰਮਾਂ ਨਾਲ ਹੋਵੇ, ਜਿਨ੍ਹਾਂ ਸਾਂਝੀਆਂ ਚੁਣੌਤੀਆਂ ਦਾ ਉਹ ਸਾਹਮਣਾ ਕਰ ਰਹੇ ਉਨ੍ਹਾਂ ਵਿਚਕਾਰ ਲਚਕਤਾ ਦਾ ਨਿਰਮਾਣ ਕਰਨਾ ਹੈ।

21ਵੀਂ ਸਦੀ ਨੇ ਮਿਡਲ ਈਸਟ ਦੇ ਨਾਟਕੀ ਇਤਿਹਾਸ ਵਿੱਚ ਇੱਕ ਹੋਰ ਬਦਲਾਅ ਦੇ ਮੋੜ ਨੂੰ ਵੇਖਿਆ ਹੈ। ਪਿਛਲੇ ਦੋ ਦਹਾਕਿਆਂ ਨੇ ਸਮਾਜ ਦੇ ਵਿੱਚ ਸਾਰੇ ਪੱਧਰਾਂ ਤੇ ਗੂੜ੍ਹ ਬਦਲਾਵਾਂ ਨੂੰ ਵੇਖਿਆ ਹੈ ਜਿਸ ਵਿੱਚ ਕਈ ਦੇਸਾਂ ਵਿੱਚ ਸਰਕਾਰਾਂ ਦਾ ਪਰਤੱਖ ਤੌਰ ਤੇ ਢਹਿ ਜਾਣਾ ਵੀ ਜੁੜਿਆ ਹੋਇਆ ਸੀ। ਇਸ ਇਲਾਕੇ ਨੇ ਨਿਰੰਤਰ ਸੈਨਿਕ ਲੜਾਈਆਂ ਦਾ, ਕਮਜ਼ੋਰ ਆਰਥਿਕ ਅਤੇ ਸਮਾਜਿਕ ਬਣਤਰ ਦੇ ਮਿਲਾਪ ਦਾ, ਜ਼ਬਰੀ ਭੂਗੋਲਿਕ ਬਦਲਾਵਾਂ, ਅਤੇ ਕਦਰਾਂ-ਕੀਮਤਾਂ ਦੀ ਪ੍ਰਣਾਲੀ ਨੂੰ ਰੱਦ ਕੀਤੇ ਜਾਣ ਦਾ ਦੁੱਖ ਵੀ ਸਹਿਣ ਕੀਤਾ ਹੈ।

ਮਿਡਲ ਈਸਟ ਦੇ ਵਿੱਚ ਮਸੀਹੀ ਗਵਾਹੀ ਅਤੇ ਹਜ਼ੂਰੀ ਬਹੁਤ ਜ਼ਿਆਦਾ ਐਨਾ ਲੰਮੀਆਂ ਔਖੀਆਂ ਘੜੀਆਂ ਅਤੇ ਲੜਾਈਆਂ ਦੁਆਰਾ ਪ੍ਰਭਾਵਿਤ ਹੋਈ ਹੈ, ਅਤੇ ਇਸ ਲਈ ਇਹ ਗੰਭੀਰ ਬਣਦਾ ਜਾ ਰਿਹਾ ਹੈ ਕਿ ਸਾਰੇ ਕਲੀਸਿਯਾਈ ਭਾਈਵਾਲ ਅਤੇ ਹੋਰ ਮਨੁੱਖ ਭਲਾਈ ਅਤੇ ਵਿਕਾਸਵਾਦੀ ਸੰਗਠਨ ਮਸੀਹੀ ਦੀ ਇਹ ਨਾਟਕੀ ਤੌਰ ਤੇ ਘੱਟ ਹੁੰਦੀ ਹੋਈ ਗਿਣਤੀ ਤੇ ਉਚਿਤ ਢੰਗ ਨਾਲ ਵਰਤਮਾਨ ਪਰਸੰਗ ਅਤੇ ਨਤੀਜਿਆਂ ਨੂੰ ਸਮਝਣ। ਮਿਡਲ ਈਸਟ ਦੇ ਵਿੱਚ ਬਹੁਤ ਸਾਰੀ ਪੱਛਮੀ ਦਖਲਅੰਦਾਜੀ ਪੂਰਬ ਨੂੰ ਕੀ ਲੋੜ ਹੈ ਦੇ ਇੱਕ "ਪੱਛਮੀ ਦ੍ਰਿਸ਼ਟੀਕੌਣ" ਤੇ ਅਧਾਰਿਤ ਹੁੰਦੀ ਹੈ। ਇਨ੍ਹਾਂ ਦਖਲਅੰਦਾਜੀਆਂ ਤੇ ਹੁਣ ਤੱਕ ਮਿਡਲ ਈਸਟ ਦੇ ਲੋਕਾਂ ਅਤੇ ਕਲੀਸਿਯਾਵਾਂ ਦੇ ਦ੍ਰਿਸ਼ਟੀਕੋਣ ਤੇ ਕਾਫੀ ਵਿਚਾਰ ਨਹੀਂ ਕੀਤਾ ਹੈ। ਕਲੀਸਿਯਾਵਾਂ, ਵਿਅਕਤੀਗਤ, ਅਤੇ ਸਰਕਾਰਾਂ ਮਸੀਹੀ ਗਵਾਹੀ ਦੀ ਵਿਹਾਰਕਤਾ ਤੇ ਅਤੇ ਇਸ ਤਰ੍ਹਾਂ ਮਿਡਲ ਈਸਟ ਵਿੱਚ ਮਸੀਹੀਅਤ ਦੇ ਭਵਿੱਖ ਤੇ ਹੀ ਸੰਦੇਹ ਕ ਰਹੀਆਂ ਹਨ। "ਨਾਗਰਿਕਤਾ ਵਿੱਚ ਭਾਈਵਾਲੀ," ਮੁਸਲਮਾਨਾਂ ਅਤੇ ਯਹੂਦੀਆਂ ਨਾਲ ਭਿੰਨਤਾ ਅਤੇ ਸਹਿਹੋਂਦ ਦਾ ਕਿਹੜਾ ਨਮੂਨਾ, ਮਸੀਹੀ ਇਲਾਕੇ ਨੂੰ ਅਤੇ ਵਿਸ਼ਵਵਿਆਪੀ ਸੰਸਾਰ ਨੂੰ ਦੇ ਸਕਦੇ ਹਨ? ਅਤੇ ਅੰਤ, ਮਿਡਲ ਈਸਟ ਕੌਂਸਿਲ ਆਫ ਚਰਚਸ ਦੀ ਇੱਕ ਨਵੀਨ, ਧਰਮੀ, ਸ਼ਾਂਤਮਈ ਅਤੇ ਸਥਿਰ ਮਿਡਲ ਈਸਟ ਲਈ ਨਬੂਵਤੀ ਭੂਮਿਕਾ ਕੀ ਹੈ?

## ਚੁਣੌਤੀਆਂ ਦਾ ਸਾਹਮਣਾ ਕਰਨਾ

ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ, MECC ਆਪਣੇ ਕੰਮ ਲਈ ਹੇਠਾਂ ਦਿੱਤੇ ਅਨੁਸਾਰ ਵੱਖ-ਵੱਖ ਨਮੂਨਿਆਂ ਨੂੰ ਸਥਾਪਿਤ ਕਰ ਰਹੀ ਹੈ:

1. ਇੱਕ ਕਲੀਸਿਯਾਈ ਅਤੇ ਅਧਿਆਤਮਕ ਬਹਾਲੀ ਦੀ ਪ੍ਰਾਪਤੀ ਲਈ ਜਤਨ ਕਰ ਰਹੀ ਹੈ ਜੋ ਇਸ ਦੀ ਆਮ ਸੇਵਕਾਈ ਨੂੰ ਜੁਆਨਾਂ ਦੀ ਮਹੱਤਵਪੂਰਣ ਭੂਮਿਕਾ, ਸਮਾਜਿਕ ਨਿਆਂ ਅਤੇ ਨਾਲ ਹੀ ਪ੍ਰਬਲ ਹਿੰਸਾ ਦੀਆਂ ਹਾਨੀਆਂ ਤੇ ਬਲ ਦੇਣ ਦੁਆਰਾ ਪਰਿਵਰਤਨ ਨੂੰ ਲਿਆਵੇਗੀ। ਜੁਆਨ ਲੋਕਾਂ ਦੁਆਰਾ ਸਾਹਮਣਾ ਕੀਤੀਆਂ ਜਾਂਦੀਆਂ ਮੁਸ਼ਕਿਲਾਂ ਇੰਟਰਨੈਟ ਅਤੇ ਸੋਸ਼ਲ ਮੀਡੀਆ ਦੁਆਰਾ ਭੜਕਾਈਆਂ

ਜਾਂਦੀਆਂ ਹਨ, ਜੋ ਕਿ ਇਲਾਕੇ ਵਿੱਚ ਉਨ੍ਹਾਂ ਦੇ ਜੀਵਨ ਦੇ ਭਵਿੱਖ ਤੇ ਪ੍ਰਸ਼ਨ ਕਰਨ ਲਈ ਉਨ੍ਹਾਂ ਨੂੰ ਫੁਸਲਾਉਂਦਾ ਹੈ।

2. ਸਹਿਹੋਂਦ, ਪਰਹੁਣਚਾਰੀ ਅਤੇ ਜ਼ਿੰਮੇਵਾਰੀਆਂ ਦੇ ਇੱਕ ਵਿਆਪਕ ਧਰੁਵਰੀਕਰਣ ਦੇ ਸਾਹਮਣੇ ਧਾਰਮਿਕ ਭਿੰਨਤਾਵਾਂ ਦੇ ਪਹਿਲਾਂ ਤੋਂ ਹੀ ਮੌਜੂਦ ਨਮੂਨਿਆਂ ਦਾ ਵਿਸਥਾਰ ਕਰਨਾ। ਇਸ ਸੰਬੰਧ ਵਿੱਚ MECC ਇਲਾਕੇ ਵਿੱਚ ਸ਼ਰਨਨਾਰਥੀਆਂ ਦੀ ਲਾਚਾਰ ਦੁਹਾਈ ਦਾ ਜਵਾਬ ਦੇਣ ਅਤੇ ਪ੍ਰਵਾਸੀਆਂ ਦੀਆਂ, ਅਰਥਾਤ ਬਹੁਤ ਸਾਰੇ ਘਰੇਲੂ ਕਰਮਚਾਰੀਆਂ ਦੀਆਂ, ਲੋੜਾਂ ਨੂੰ ਪੂਰਾ ਕਰਨ ਦਾ ਜਤਨ ਕਰਦੀ ਹੈ। MECC ਸਭਨਾਂ ਲਈ ਇੱਕ ਯੋਗ ਅਤੇ ਵਿਹਾਰਕ ਸ਼ਾਂਤੀ ਦੀ ਬਹਾਲੀ ਲਈ ਵੀ ਕੰਮ ਕਰਦੀ ਹੈ। ਇਹ ਖਾਸ ਕਰਕੇ ਫਿਲਸਤੀਨੀ ਸ਼ਰਨਾਰਥੀਆਂ ਲਈ, ਜੋ ਨਿਰੰਤਰ ਪਰ ਧੀਮਾ ਫਿਲਸਤੀਨੀਆਂ ਦਾ ਯਰੂਸ਼ਲਮ ਅਤੇ ਪੱਛਮੀ ਕਿਨਾਰੇ ਤੋਂ ਕੱਢਿਆ ਜਾਣਾ, ਅਤੇ ਨਿਰੰਤਰ ਹੋਰਨਾਂ ਦੇਸ਼ਾਂ ਅਤੇ ਇਲਾਕੇ ਦੇ ਵਿੱਚ ਫਿਲਸਤੀਨੀਆਂ ਨੂੰ ਹਾਸ਼ੀਏ ਤੋਂ ਬਾਹਰ ਰੱਖਿਆ ਜਾਣਾ ਅਤੇ ਭੇਦਭਾਵ ਵਿਰੁੱਧ ਵੀ ਯੋਗ ਅਤੇ ਵਾਜਬ ਹੱਲ ਤੇ ਵੀ ਕੰਮ ਕਰ ਰਹੀ ਹੈ। ਇਹ ਅਨਿਆਈਂ ਵਿਹਾਰ ਸਾਲਾਂ ਤੋਂ ਘਰ ਤੋਂ ਬਾਹਰ ਰਹਿਣ ਦੇ ਸਦਮੇ ਵਿੱਚ ਆਈ ਜੰਨਸੰਖਿਆ ਲਈ ਸਨਮਾਨ, ਅਧਿਕਾਰਾਂ ਅਤੇ ਮੌਕਿਆਂ ਲਈ ਮਾਣ ਨੂੰ ਘਟਾਉਂਦਾ ਹੈ। MECC ਦਾ ਫਿਲਸਤੀਨੀ ਸ਼ਰਨਨਾਰਥੀਆਂ ਲਈ ਸੇਵਾਵਾਂ ਦਾ ਵਿਭਾਗ (DSPR) ਇਸ ਤਰ੍ਹਾਂ ਸਦਾ ਲਈ ਪ੍ਰਾਸੰਗਿਕ ਹੈ।

ਕਲੀਸਿਯਾਵਾਂ ਦੇ ਜ਼ਿਆਦਾਤਰ ਮੁਖੀਆਂ ਦੁਆਰਾ ਵਰਤਮਾਨ ਵਿੱਚ MECC ਦੇ ਇੱਕ ਦੇਹ ਵਜੋਂ ਸਾਹਮਣਾ ਕੀਤੀਆਂ ਜਾਂਦੀਆਂ ਚੁਣੌਤੀਆਂ ਵਿੱਚ ਸੁਰੱਖਿਅਤ ਰਹਿਣ ਦੇ ਦ੍ਰਿੜ ਨਿਸ਼ਚੇ ਦੁਆਰਾ ਉਤਸ਼ਾਹਿਤ ਹੋਏ, ਅਤੇ ਮਸੀਹੀ ਅਧਿਆਤਮਕ ਲੋਕਾਂ, ਕਲੀਸਿਯਾਵਾਂ ਅਤੇ ਇਲਾਕੇ ਵਿੱਚ ਸਮਾਜ ਦੇ ਆਗੂਆਂ ਦੇ ਮਸੀਹੀਆਂ ਵਿਚਕਾਰ ਇੱਕਸਾਰਤਾ ਅਤੇ ਤਾਲਮੇਲ ਉਨੱਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਸਹਾਇਤਾ ਅਤੇ ਪ੍ਰਗਟ ਕੀਤੀਆਂ ਗਈਆਂ ਭਾਵਨਾਵਾਂ ਦੁਆਰਾ ਕਾਇਮ, MECC ਨਿਰੰਤਰ ਕੰਮ ਕਰਦਾ ਅਤੇ ਪ੍ਰਾਰਥਨਾ ਕਰਦਾ ਹੈ ਕਿ ਮਸੀਹ ਦਾ ਚਾਨਣ ਹੋਰ ਵੀ ਜ਼ਿਆਦਾ ਪੂਰਬ ਦੇ ਵਿੱਚ ਚਮਕੇ।

# ਮਸੀਹੀ ਏਕਤਾ ਲਈ ਪ੍ਰਾਰਥਨਾ ਦਾ ਹਫਤਾ

---

## ਵਿਸ਼ੇ 1968–2022

*WCC ਫੇਥ ਅਤੇ ਆਰਡਰ ਕਮੀਸ਼ਨ ਅਤੇ ਪੌਂਟੀਫੀਕਲ ਕੌਂਸਿਲ ਆਫ ਪਰਮੋਟਿੰਗ ਕ੍ਰਿਸ਼ਚਨ ਯੂਨੀਟੀ ਦੁਆਰਾ ਇਕੱਲੇ ਮਿਲ ਕੇ ਤਿਆਰ ਕੀਤੀ ਗਈ ਸਮੱਗਰੀ ਪਹਿਲਾਂ 1968 ਵਿੱਚ ਇਸਤੇਮਾਲ ਕੀਤੀ ਗਈ*

1968 ਉਸ ਦੀ ਮਹਿਮਾ ਦੀ ਉਸਤਤ ਲਈ (ਅਫ਼ਸੀਆਂ 1:14)

1969 ਅਜ਼ਾਦੀ ਲਈ ਸੱਦੇ ਗਏ (ਗਲਾਤੀਆਂ 5:13)
(Preparatory meeting held in Rome, Italy)

1970 ਅਸੀਂ ਕੰਮ ਕਰਨ ਵਿੱਚ ਪਰਮੇਸ਼ੁਰ ਦੇ ਸਾਂਝੀ ਹਾਂ (1 ਕੁਰਿੰਥੀਆਂ 3:9)
(Preparatory meeting held at the Monastery of Niederaltaich, Federal Republic of Germany)

1971 ...ਅਤੇ ਪਵਿੱਤਰ ਆਤਮਾ ਦੀ ਸੰਗਤੀ (2 ਕੁਰਿੰਥੀਆਂ 13:13) (Preparatory meeting in Bari, Italy)

1972 ਮੈਂ ਤੁਹਾਨੂੰ ਇੱਕ ਨਵਾਂ ਹੁਕਮ ਦਿੰਦਾ ਹਾਂ (ਯੂਹੰਨਾ 13:34)
(Preparatory meeting held in Geneva, Switzerland)

1973 ਪ੍ਰਭੂ, ਸਾਨੂੰ ਪ੍ਰਾਰਥਨਾ ਕਰਨੀ ਸਿਖਾ (ਲੂਕਾ 11:1)
(Preparatory meeting held at the Abbey of Montserrat, Spain)

1974 ਹਰ ਜੀਭ ਇਕਰਾਰ ਕਰੇ: ਯਿਸੂ ਪ੍ਰਭੂ ਹੈ (ਅਫ਼ਸੀਆਂ 2:1–13) (Preparatory meeting held in Geneva, Switzerland)

1975 ਪਰਮੇਸ਼ੁਰ ਦਾ ਮਕਸਦ: ਸੱਭੇ ਕੁਝ ਮਸੀਹ ਵਿੱਚ (ਅਫ਼ਸੀਆਂ 1:3–10)
(Material from an Australian group – Preparatory meeting held in Geneva, Switzerland)

1976 ਅਸੀਂ ਉਸ ਵਰਗੇ ਹੋਵਾਂਗੇ (1 ਯੂਹੰਨਾ 3:2) ਜਾਂ, ਜੋ ਅਸੀਂ ਹਾਂ ਉਹ ਹੋਣ ਲਈ ਸੱਦੇ ਗਏ
(Material from Caribbean Conference of Churches. Preparatory meeting held in Rome, Italy)

1977 ਆਸ ਵਿੱਚ ਇਕੱਠੇ ਸਹਿਣ ਕਰਨਾ (ਰੋਮੀਆਂ 5:1-5)
(Material from Lebanon, in the midst of a civil war. Preparatory meeting held in Geneva)

1978 ਹੁਣ ਪਰਦੇਸੀ ਨਹੀਂ (ਅਫ਼ਸੀਆਂ 2:13-22)
(Material from an ecumenical team in Manchester, England)

1979 ਪਰਮੇਸ਼ੁਰ ਦੀ ਮਹਿਮਾ ਲਈ ਇੱਕ ਦੂਜੇ ਦੀ ਸੇਵਾ ਕਰੋ (1 ਪਤਰਸ 4:7-11)
(Material from Argentina – Preparatory meeting held in Geneva, Switzerland)

1980 ਤੇਰਾ ਰਾਜ ਆਵੇ (ਮੱਤੀ 6:10)
(Material from an ecumenical group in Berlin, German Democratic Republic – Preparatory meeting held in Milan)

1981 ਇੱਕ ਆਤਮਾ - ਕਈ ਦਾਨ - ਇੱਕ ਸਰੀਰ (1 ਕੁਰਿੰਥੀਆਂ 12:3ਅ-13)
(Material from Graymoor Fathers, USA – Preparatory meeting held in Geneva, Switzerland)

1982 ਹੇ ਪ੍ਰਭੂ, ਸਾਰੇ ਤੇਰੇ ਵਿੱਚ ਆਪਣਾ ਘਰ ਲੱਭਣ (ਜ਼ਬੂਰ 84)
(Material from Kenya – Preparatory meeting held in Milan, Italy)

1983 ਯਿਸੂ ਮਸੀਹ - ਜਗਤ ਦਾ ਜੀਵਨ (1 ਯੂਹੰਨਾ 1:1-4)
(Material from an ecumenical group in Ireland – Preparatory meeting held in Céligny (Bossey), Switzerland)

1984 ਸਾਡੇ ਪ੍ਰਭੂ ਦੀ ਸਲੀਬ ਰਾਹੀਂ ਇੱਕ ਹੋਣ ਲਈ ਸੱਦੇ ਗਏ (1 ਕੁਰਿੰਥੀਆਂ 2:2 ਅਤੇ ਕੁਲੁੱਸੀਆਂ 1:20)
(Preparatory meeting held in Venice, Italy)

1985 ਮਸੀਹ ਨਾਲ ਮੌਤ ਤੋਂ ਜੀਵਨ ਵੱਲ (ਅਫ਼ਸੀਆਂ 2:4-7)
(Material from Jamaica – Preparatory meeting held in Grandchamp, Switzerland)

1986 ਤੁਸੀਂ ਮੇਰੇ ਗਵਾਹ ਹੋਵੋਗੇ (ਰਸੂਲਾਂ. 1:6-8)

(Material from Yugoslavia (Slovenia) – Preparatory meeting held in Yugoslavia)

1987 ਮਸੀਹ ਵਿੱਚ - ਇੱਕ ਨਵੀਂ ਸਰਿਸ਼ਟ (2 ਕੁਰਿੰਥੀਆਂ 5:17-6:4ੳ)
(Material from England – Preparatory meeting held in Taizé, France)

1988 ਪਰਮੇਸ਼ੁਰ ਦਾ ਪਿਆਰ ਡਰ ਦੂਰ ਕਰਦਾ ਹੈ (1 ਯੂਹੰਨਾ 4:18)
(Material from Italy – Preparatory meeting held in Pinerolo, Italy)

1989 ਸਮਾਜ ਦਾ ਨਿਰਮਾਣ ਕਰਨਾ - ਮਸੀਹ ਵਿੱਚ ਇੱਕ ਦੇਹ (ਰੋਮੀਆਂ 12:5-6ੳ)
(Material from Canada – Preparatory meeting held in Whaley Bridge, England)

1990 ਤਾਂ ਜੋ ਉਹ ਇੱਕ ਹੋਣ...ਕਿ ਜਗਤ ਵਿਸ਼ਵਾਸ ਕਰੇ (ਯੂਹੰਨਾ 17)
(Material from Spain – Preparatory meeting held in Madrid, Spain)

1991 ਹੇ ਸਾਰੀਆਂ ਕੌਮੋਂ, ਪਰਮੇਸ਼ੁਰ ਦੀ ਵਡਿਆਈ ਕਰੋ (ਜ਼ਬੂਰ 117 ਅਤੇ ਰੋਮੀਆਂ 15:5-13)
(Material from Germany – Preparatory meeting held in Rotenburg an der Fulda, Federal Republic of Germany)

1992 ਮੈਂ ਸਦਾ ਤੁਹਾਡੇ ਨਾਲ ਹਾਂ..., ਇਸ ਲਈ, ਜਾਓ (ਮੱਤੀ 28:16-20)
(Material from Belgium – Preparatory meeting held in Bruges, Belgium)

1993 ਮਸੀਹੀ ਏਕਤਾ ਲਈ ਆਤਮਾ ਦਾ ਫਲ ਲਿਆਉਣਾ (ਗਲਾਤੀਆਂ 5:22-23)
(Material from Zaire – Preparatory meeting held near Zurich, Switzerland)

1994 ਪਰਮੇਸ਼ੁਰ ਦਾ ਘਰਾਣਾ: ਇੱਕ ਦਿਲ ਅਤੇ ਇੱਕ ਮਨ ਹੋਣ ਲਈ ਸੱਦਿਆ ਗਿਆ (ਰਸੂਲਾਂ. 4:23-37)
(Material from Ireland – Preparatory meeting held in Dublin, Republic of Ireland)

1995 ਕੋਈਨੋਨੀਆ: ਪਰਮੇਸ਼ੁਰ ਅਤੇ ਇੱਕ ਦੂਜੇ ਨਾਲ ਸੰਗਤੀ (ਯੂਹੰਨਾ 15:1-17)
(Material from Faith and Order – Preparatory meeting held in Bristol, England)

1996 ਵੇਖੋ, ਮੈਂ ਬੂਹੇ ਤੇ ਖੜਾ ਅਤੇ ਖੜਕਾਉਂਦਾ ਹਾਂ (ਪਰਕਾਸ਼. 3:14-22)
(Material from Portugal – Preparatory meeting held in Lisbon, Portugal)

1997 ਅਸੀਂ ਮਸੀਹ ਕਰਕੇ ਮਿੰਨਤ ਕਰਦੇ ਹਾਂ, ਪਰਮੇਸ਼ੁਰ ਨਾਲ ਮੇਲ ਕਰੋ (2 ਕੁਰਿੰਥੀਆਂ 5:20)

(Material from Nordic Ecumenical Council – Preparatory meeting held in Stockholm, Sweden)

1998 ਆਤਮਾ ਸਾਡੀਆਂ ਦੁਰਬਲਤਾਈਆਂ ਵਿੱਚ ਸਾਡੀ ਮਦਦ ਕਰਦਾ ਹੈ (ਰੋਮੀਆਂ 8:14-27)
(Material from France – Preparatory meeting held in Paris, France)

1999 ਉਹ ਉਨ੍ਹਾਂ ਦਾ ਪਰਮੇਸ਼ੁਰ ਹੋ ਕੇ ਉਨ੍ਹਾਂ ਵਿੱਚ ਵਾਸ ਕਰੇਗਾ, ਉਹ ਉਸ ਦੇ ਲੋਕ ਹੋਣਗੇ (ਪਰਕਾਸ਼ ਦੀ ਪੋਥੀ 21:1-7)
(Material from Malaysia – Preparatory meeting held in Monastery of Bose, Italy)

2000 ਮੁਬਾਰਕ ਹੋਵੇ ਪਰਮੇਸ਼ੁਰ ਜਿਸ ਨੇ ਮਸੀਹ ਵਿੱਚ ਸਾਨੂੰ ਬਰਕਤ ਦਿੱਤੀ ਹੈ (ਅਫ਼ਸੀਆਂ 1:3-14)
(Material from the Middle East Council of Churches – Preparatory meeting held La Verna, Italy)

2001 ਰਾਹ, ਸਚਿਆਈ ਅਤੇ ਜੀਉਣ ਮੈਂ ਹਾਂ (ਯੂਹੰਨਾ 14:1-6)
(Material from Romania – Preparatory meeting held at Vulcan, Romania)

2002 ਜੀਵਨ ਦਾ ਚਸ਼ਮਾ ਤੇਰੇ ਕੋਲ ਹੈ (ਜ਼ਬੂਰ 36:5-9)
(Material CEEC and CEC – Preparatory meeting near Augsburg, Germany)

2003 ਸਾਡੇ ਕੋਲ ਇਹ ਖਜ਼ਾਨਾ ਮਿੱਟੀ ਦੇ ਭਾਂਡਿਆਂ ਵਿੱਚ ਹੈ (2 ਕੁਰਿੰਥੀਆਂ 4:4-18)
(Material churches in Argentina – Preparatory meeting at Los Rubios, Spain)

2004 ਮੈਂ ਆਪਣੀ ਸ਼ਾਂਤੀ ਤੁਹਾਨੂੰ ਦਿੰਦਾ ਹਾਂ (ਯੂਹੰਨਾ 14:23-31; ਯੂਹੰਨਾ 14:27)
(Material from Aleppo, Syria – Preparatory meeting in Palermo, Sicil)

2005 ਮਸੀਹ, ਜੀਵਨ ਦਾ ਚਸ਼ਮਾ (1 ਕੁਰਿੰਥੀਆਂ 3:1-23)
(Material from Slovakia – Preparatory meeting in Piestaňy, Slovakia)

2006 ਜਿੱਥੇ ਵੀ ਦੋ ਜਾਂ ਤਿੰਨ ਮੇਰੇ ਨਾਮ ਵਿੱਚ ਹਾਜ਼ਰ ਹੁੰਦੇ ਹਨ, ਮੈਂ ਉਨ੍ਹਾਂ ਵਿਚਕਾਰ ਹੁੰਦਾ ਹਾਂ (ਮੱਤੀ 18:18-20)
(Material from Ireland – Preparatory meeting held in Prosperous, Co. Kildare, Ireland)

2007 ਉਹ ਬੋਲਿਆਂ ਨੂੰ ਸੁਣਨ ਅਤੇ ਗੁੰਗਿਆਂ ਨੂੰ ਬੋਲਣ ਦੀ ਸ਼ਕਤੀ ਦਿੰਦਾ ਹੈ (ਮਰਕੁਸ 7:31-37)

(Material from South Africa – Preparatory meeting held in Faverges, France)

2008 ਨਿਰੰਤਰ ਪ੍ਰਾਰਥਨਾ ਕਰੋ (1 ਥੱਸਲੁਨੀਕੀਆਂ 5:(12ੳ 13ਅ-18)
(Material from USA – Preparatory meeting held in Graymoor, Garrison, USA)

2009 ਕਿ ਉਹ ਤੇਰੇ ਹੱਥਾਂ ਵਿੱਚ ਇੱਕ ਹੋ ਜਾਣ (ਹਿਜ਼ਕੀਏਲ 37:15-28)
(Material from Korea – Preparatory meeting held in Marseille, France)

2010 ਤੁਸੀਂ ਇਨ੍ਹਾਂ ਗੱਲਾਂ ਦੇ ਗਵਾਹ ਹੋ (ਲੂਕਾ 24:48)
(Material from Scotland – Preparatory meeting held in Glasgow, Scotland)

2011 ਰਸੂਲਾਂ ਦੀ ਸਿੱਖਿਆ, ਸੰਗਤੀ ਅਤੇ ਰੋਟੀ ਤੋੜਨ ਅਤੇ ਪ੍ਰਾਰਥਨਾ ਵਿੱਚ ਇੱਕ (ਤੁਲਨਾ ਰਸੂਲਾਂ. 2:42)
(Material from Jerusalem – Preparatory meeting held in Saydnaya, Syria)

2012 ਅਸੀਂ ਸਾਰੇ ਹੀ ਸਾਡੇ ਪ੍ਰਭੂ ਯਿਸੂ ਮਸੀਹ ਦੀ ਜਿੱਤ ਵਿੱਚ ਬਦਲ ਜਾਵਾਂਗੇ (ਤੁਲਨਾ. 1 ਕੁਰਿੰਥੀਆਂ 15:51-58)
(Material from Poland – Preparatory meeting held in Warsaw, Poland)

2013 ਪਰਮੇਸ਼ੁਰ ਸਾਥੋਂ ਕੀ ਚਾਹੁੰਦਾ ਹੈ (ਤੁਲਨਾ ਮੀਕਾਹ 6:6-8)
(Material from India – Preparatory meeting held in Bangalore, India)

2014 ਕੀ ਮਸੀਹ ਵੰਡਿਆਂ ਹੋਇਆ ਹੈ? (1 ਕੁਰਿੰਥੀਆਂ 1:1-17)
(Material from Canada – Preparatory meeting held in Montréal, Canada)

2015 ਯਿਸੂ ਨੇ ਉਸ ਨੂੰ ਆਖਿਆ: ਮੈਨੂੰ ਪੀਣ ਨੂੰ ਦੇਹ (ਯੂਹੰਨਾ 4:7)
(Material from Brazil – Preparatory meeting held in São Paulo, Brazil)

2016 ਪ੍ਰਭੂ ਦੇ ਸ਼ਕਤੀਸ਼ਾਲੀ ਕੰਮਾਂ ਦੀ ਘੋਸ਼ਣਾ ਲਈ ਸੱਦੇ ਗਏ (ਤੁਲਨਾ 1 ਪਤਰਸ 2:9)
(Material from Latvia – Preparatory meeting held in Rīga, Latvia)

2017 ਮੇਲ-ਮਿਲਾਪ - ਮਸੀਹ ਦਾ ਪਿਆਰ ਸਾਨੂੰ ਮਜ਼ਬੂਤ ਕਰਦਾ ਹੈ (2 ਕੁਰਿੰ. 5:14-20)
(Material from Germany – Preparatory meeting held in Wittenberg, Germany)

2018 ਹੇ ਯਹੋਵਾਹ, ਤੇਰੇ ਸੱਜੇ ਹੱਥ, ਸ਼ਕਤੀ ਵਿੱਚ ਤੇਜ ਹੈ (ਕੂਚ 15:6)
(Material from the Caribbean – Preparatory meeting held in Nassau,

Bahamas)

2019 ਨਿਆਂ ਅਤੇ ਸਿਰਫ ਨਿਆਂ ਪਿੱਛੇ ਹੀ ਚੱਲੋ (ਬਿਵਸਥਾ. 16:18-20)
(Material from Indonesia – Preparatory meeting held in Jakarta, Indonesia)

2020 ਉਨ੍ਹਾਂ ਸਾਡੇ ਨਾਲ ਵੱਡਾ ਭਾਰਾ ਸਲੂਕ ਕੀਤਾ (ਰਸੂਲਾਂ. 28:2)
(Material from Malta – Preparatory meeting held in Rabat, Malta)

2021 ਮੇਰੇ ਪਿਆਰ ਵਿੱਚ ਬਣੇ ਰਹੋ ਅਤੇ ਤੁਸੀਂ ਬਹੁਤਾ ਫਲ ਲਿਆਓਗੇ (ਤੁਲਨਾ ਯੂਹੰਨਾ 15:5-9)
(Material from Community of Grandchamp – Preparatory meeting held at Areuse, Switzerland)

2022 ਅਸੀਂ ਚੜ੍ਹਦੇ ਪਾਸੇ ਉਸ ਦਾ ਤਾਰਾ ਡਿੱਠਾ ਅਤੇ ਉਹ ਮੱਥਾ ਟੇਕਣ ਆਏ ਹਾਂ (ਮੱਤੀ 2:2)
(Material from the Middle East Council of Churches, Lebanon – Preparatory meeting held online)

# ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਹ਼ਫ਼ਤੇ ਦੇ ਇਤਹਾਸ ਦੀਆਂ ਕੁੰਜ਼ੀ ਤਰੀਕਾਂ

---

ਲਗਭਗ. 1740 ਸਕੋਟਲੈਂਡ ਵਿੱਚ, ਇੱਕ ਪਿੰਤੇਕੁਸਤ ਅੰਦੋਲਨ, ਉੱਤਰੀ ਅਮਰੀਕੀ ਲਿੰਕ ਨਾਲ ਅੰਦਲੋਨ ਸ਼ੁਰੂ ਹੋਇਆ, ਜਿਨ੍ਹਾਂ ਦੇ ਬੇਦਾਰੀ ਦੇ ਸੰਦੇਸ਼ਾਂ ਵਿੱਚ ਸਾਰੀਆਂ ਕਲੀਸਿਯਾਵਾਂ ਲਈ ਅਤੇ ਨਾਲ ਪ੍ਰਾਰਥਨਾ ਸ਼ਾਮਲ ਸਨ।

1820 ਰੈਵ, ਜੇਮਸ ਹੇਲਦੇਨ ਸਟੂਅਰਟ ਨੇ "ਆਤਮਾ ਦੇ ਉੰਡੇਲੇ ਜਾਣ ਲਈ ਮਸੀਹੀਆਂ ਦੀ ਸਾਂਝੀ ਏਕਤਾ ਲਈ ਸੁਝਾਅ" ਪ੍ਰਕਾਸ਼ਿਤ ਕੀਤੇ।

1840 ਰੈਵ. ਇਗਨੀਸ਼ਅਸ ਸਪੇਂਸਟ, ਰੋਮਨ ਕੈਥੋਲਿਕ ਵਿੱਚ ਆਏ ਇੱਕ ਵਿਅਕਤੀ ਨੇ, "ਏਕਤਾ ਲਈ ਪ੍ਰਾਰਥਨਾ ਦੀ ਏਕਤਾ" ਦਾ ਸੁਝਾਅ ਦਿੱਤਾ।

1867 ਏਂਗਲੀਕਨ ਬਿਸ਼ਪ ਦੀ ਪਹਿਲੀ ਲੇਮਬੇਥ ਸੰਮੇਲਨ ਵਿੱਚ ਇਸ ਦੇ ਫੈਸਲਿਆਂ ਦੇ ਪ੍ਰਸਤਾਵਾਂ ਵਿੱਚ ਏਕਤਾ ਲਈ ਪ੍ਰਾਰਥਨਾ ਤੇ ਬਲ ਦਿੱਤਾ।

1894 ਪੋਪ ਲਿਓ XIII ਪਿੰਤੇਕੁਸਤ ਦੇ ਪਰਸੰਗ ਵਿੱਚ ਏਕਤਾ ਲਈ ਇੱਕ ਪ੍ਰਾਰਥਨਾ ਅਸ਼ਟਪਦੀ ਦੇ ਅਭਿਆਸ ਲਈ ਉਤਸ਼ਾਹਿਤ ਕੀਤਾ।

1908 ਰੈਵ, ਪੱਾਲ ਵਾਟਸਨ ਦੁਆਰਾ ਪਹਿਲੇ "ਕਲੀਸਿਯਾ ਏਕਤਾ ਅਸ਼ਟਪਦੀ" ਦੀ ਪਾਲਨਾ ਕੀਤੀ ਗਈ।

1926 ਫੇਥ ਏਂਡ ਆਰਡਰ ਮੂਵਮੈਂਟ "ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਇੱਕ ਅਸ਼ਟਪਦੀ ਲਈ ਸੁਝਾਵ" ਪ੍ਰਕਾਸ਼ਿਤ ਕਰਨਾ ਅਰੰਭ ਹੋ ਗਏ।

1935 ਫਰਾਂਸ ਦੇ ਏਬੀ ਪੌਲ ਕੋਟੀਅਰਰ ਨੇ "ਏਕਤਾ ਜੋ ਮਸੀਹੀ ਚਾਹੁੰਦਾ ਜਿਨ੍ਹਾਂ ਸਾਧਨਾਂ ਨਾਲ ਉਹ ਚਾਹੁੰਦਾ" ਲਈ ਪ੍ਰਾਰਥਨਾ ਦੇ ਆਧਾਰ ਤੇ "ਵਿਸ਼ਵਵਿਆਪੀ ਪ੍ਰਾਰਥਨਾ ਦੇ ਹਫਤੇ ਦੇ ਸਿਫਾਰਸ਼ ਕੀਤੀ।"

1958 Unité Chrétienne (ਲਿਔਨ, ਫਰਾਂਸ) ਅਤੇ ਫੇਥ ਏਂਡ ਆਰਡਰ ਕਮਿਸ਼ਨ ਆਫ ਵਰਲਡ ਕੌਂਸਿਲ ਆਫ ਚਰਚਸ ਨੇ ਪ੍ਰਾਰਥਨਾ ਦੇ ਹ਼ਫ਼ਤੇ ਲਈ ਸਮੱਗਰੀ ਵਾਸਤੇ ਮਿਲ ਕੇ ਤਿਆਰੀ ਸ਼ੁਰੂ ਕੀਤੀ।

1964 ਯਰੂਸ਼ਲਮ ਵਿੱਚ, ਪੌਪ ਪਾਲ VI ਅਤੇ Patriarch Athenagoras I ਨੇ ਇਕੱਠੇ ਯਿਸੂ ਦੀ ਪ੍ਰਾਰਥਨਾ ਨੂੰ ਕੀਤਾ "ਭਈ ਉਹ ਇੱਕ ਹੋਣ" (ਯੂਹੰਨਾ 17)।

1964 The Decree on Ecumenism of Vatican II ਬਲ ਦਿੰਦਾ ਹੈ ਕਿ ਪ੍ਰਾਰਥਨਾ ਕਲੀਸਿਯਾਈ ਅੰਦਲੋਨ ਦਾ ਪ੍ਰਾਣ ਹੈ ਅਤੇ ਪ੍ਰਾਰਥਨਾ ਦੇ ਹਫਤੇ ਦੀ ਪਾਲਨਾ ਲਈ ਉਤਸ਼ਾਹਿਤ ਕਰਦਾ ਹੈ।

1966 ਫੇਥ ਏਂਡ ਆਰਡਰ ਕਮਿਸ਼ਨ ਆਫ ਵਰਲਡ ਕੌਂਸਿਲ ਆਫ ਚਰਚਸ ਅਤੇ ਸਕ੍ਰੇਟਿਰੇਟ ਆਫ ਪਰਮੋਟਿੰਗ ਕ੍ਰਿਸ਼ਚਨ ਯੂਨੀਟੀ (ਜੋ ਹੁਣ ਪੋਂਟੀਫਿਸਲ ਕੋਂਸਿਲ ਆਫ ਪਰਮੋਟਿੰਗ ਕ੍ਰਿਸਚਨ ਯੂਨੀਟੀ

ਕਰਕੇ ਜਾਣਿਆ ਜਾਂਦਾ ਹੈ) ਨੇ ਇਕੱਠੇ ਮਿਲ ਕੇ ਪ੍ਰਾਰਥਨਾ ਦੇ ਹਫਤੇ ਲਈ ਸਮੱਗਰੀ ਨੂੰ ਤਿਆਰ ਕਰਨਾ ਅਰੰਭ ਕੀਤਾ।

1968 ਫੇਥ ਏਂਡ ਆਰਡਰ ਕਮਿਸ਼ਨ ਆਫ ਵਰਲਡ ਕੌਂਸਿਲ ਆਫ ਚਰਚਸ ਅਤੇ ਸਕ੍ਰੇਟਿਰੇਟ ਆਫ ਪਰਮੋਟਿੰਗ ਕ੍ਰਿਸ਼ਚਨ ਯੂਨੀਟੀ ਦੁਆਰਾ ਤਿਆਰੀ ਕੀਤੀ ਗਈ ਸਮੱਗਰੀ ਦਾ ਪਹਿਲਾ ਅਧਿਕਾਰਕ ਇਸਤੇਮਾਲ ਕੀਤਾ ਗਿਆ।

1975 ਇੱਕ ਸਥਾਨਕ ਕਲੀਸਿਯਾਈ ਸਮੂਹ ਦੁਆਰਾ ਤਿਆਰ ਕੀਤੇ ਗਏ ਇੱਕ ਦਸਤਾਵੇਜ ਅਧਾਰਿਤ ਪਹਿਲੇ ਪ੍ਰਾਰਥਨਾ ਦੇ ਹਫਤੇ ਦੀ ਸਮੱਗਰੀ ਦੀ ਵਰਤੋਂ ਕੀਤੀ ਗਈ। ਇੱਕ ਅਸਟ੍ਰੇਲੀਅਨ ਸਮੂਹ ਨੇ ਸਭ ਤੋਂ ਪਹਿਲਾਂ 1975 ਵਿੱਚ ਕੀਤੇ ਇਸ ਦਸਤਾਵੇਜ ਦੀ ਯੋਜਨਾ ਨੂੰ ਲਿਆ।

1988 ਪ੍ਰਾਰਥਨਾ ਦੇ ਹਫਤੇ ਦੀ ਸਮੱਗਰੀ ਕ੍ਰਿਸ਼ਚਨ ਫੈਡਰੇਸ਼ਨ ਆਫ ਮਲੇਸ਼ੀਆ ਲਈ ਸ਼ੁਰੂਆਤੀ ਅਰਾਧਨਾ ਵਿੱਚ ਵਰਤੀ ਗਈ ਸੀ, ਜੋ ਕਿ ਉਸ ਦੇਸ਼ ਵਿੱਚ ਵੱਡੇ ਮਸੀਹੀ ਸਮੂਹਾਂ ਨਾਲ ਜੁੜੀ ਹੋਈ ਸੀ।

1994 ਅੰਤਰਰਾਸ਼ਟਰੀ ਸਮੂਹ ਨੇ 1996 ਲਈ ਮੂਲਪਾਠ ਦੀ ਤਿਆਰੀ ਕੀਤੀ ਜਿਨ੍ਹਾਂ ਵਿੱਚ YMCA ਅਤੇ YWCA ਦੇ ਨੁਮਾਇੰਦੇ ਵੀ ਸ਼ਾਮਲ ਸਨ।

2004 ਇਹ ਸਮਝੌਤਾ ਹੋਇਆ ਕਿ ਮਸੀਹੀ ਏਕਤਾ ਦੇ ਲਈ ਪ੍ਰਾਰਥਨਾ ਦੇ ਹਫਤੇ ਦੀ ਸਮੱਗਰੀ ਫੇਥ ਏਂਡ ਆਰਡਰ (WCC) ਅਤੇ ਪੋਂਟੀਫੀਕਲ ਕੋਂਸਿਲ ਆਫ ਕ੍ਰਿਸਚਨ ਚਰਚਸ (ਕੈਥੋਲਿਕ ਚਰਚ) ਦੁਆਰਾ ਉਹੀ ਫਾਰਮੇਟ ਵਿੱਚ ਇਕੱਠੇ ਪ੍ਰਕਾਸ਼ਿਤ ਅਤੇ ਉਤਪੰਨ ਕੀਤੀ ਜਾਵੇਗੀ।

2008 ਮਸੀਹੀ ਏਕਤਾ ਲਈ ਪ੍ਰਾਰਥਨਾ ਦੇ ਹਫਤੇ ਦੀ 100ਵੀਂ ਵਰੇਗੰਢ ਦੀ ਯਾਦਗਿਰੀ। (ਇਸ ਦੀ ਪੂਰਵਵਰਤੀ, ਚਰਚ ਯੂਨੀਟੀ ਅਕਟੇਵ, ਦੀ 1908 ਵਿੱਚ ਪਹਿਲਾਂ ਮਨਾਈ ਗਈ ਸੀ)।

2017 ਸੁਧਾਰ ਦੀ 500ਵੀਂ ਵਰੇਗੰਢ ਦੀ ਯਾਦਗਿਰੀ ਵਿੱਚ, 2017 ਦੇ ਵਿੱਚ ਪ੍ਰਾਰਥਨਾ ਦੇ ਹਫਤੇ ਲਈ ਸਮੱਗਰੀ ਜਰਮਨੀ ਵਿੱਚ ਮਸੀਹੀਆਂ ਦੁਆਰਾ ਤਿਆਰ ਕੀਤੀ ਗਈ ਸੀ।